
ੴ

ਇਹ ਭੀ ਅਪਨੋ ਪੰਥ ਪ੍ਰਕਾਸ਼ੈ ।।
ਬਹੁ ਲੋਗਨ ਕੀ ਕੁਮਤਿ ਬਿਨਾਸੈ ।।
(ਪੰਥ ਪ੍ਰਕਾਸ਼)

# ਭਾਈ ਘਨੱਈਆ ਸੇਵਾ ਜੋਤੀ

ਸਤੰਬਰ 2002

ਵਰਦਾਨ




ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭਾਈ ਘਨੱਈਆ ਜੀ ਨੂੰ ਮਲ੍ਹੱਮ ਦੀ ਡੱਬੀ ਬਖ਼ਸ਼ਿਸ ਕਰਦੇ ਹੋਏ ।
ਸੰਨ 2004 ਵਿਚ 300 ਸਾਲਾਂ ਬਖ਼ਸ਼ਿਸ ਦਿਹਾੜਾ ਆ ਰਿਹਾ ਹੈ ਜੋ ਉਚ ਪੱਧਰ ਤੇ ਮਨ੍ਹਾਇਆ ਜਾਵੇਗਾ ।

ਮੁੱਖ ਸਰਪ੍ਰਸਤ
ਸੰਤ ਬਾਬਾ ਤੀਰਥ ਸਿੰਘ 'ਸੇਵਾ ਪੰਥੀ'

ਪ੍ਰਬੰਧਕੀ ਸੰਪਾਦਕ
ਭੁਪਿੰਦਰ ਸਿੰਘ 'ਸੇਵਾ ਪੰਥੀ'

ੴ

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ।।



ਸਮਦਰਸ਼ੀ ਬ੍ਰਹਮ-ਗਿਆਨੀ ਭਾਈ ਘਨੱਈਆ ਜੀ ਜੰਗਾਂ-ਯੁੱਧਾਂ ਵਿੱਚ ਵੈਰੀ ਮਿੱਤਰ ਨੂੰ ਇੱਕ ਸਮਾਨ ਜਲ ਛਕਾਉਂਦੇ ਹੋਏ ।



ਰੈਡੱਕਰਾਸ ਦੇ ਪਹਿਲੇ ਪ੍ਰਵਰਤਕ ਭਾਈ ਘਨੱਈਆ ਜੀ ਜੰਗੇ-ਮੈਦਾਨ ਵਿੱਚ ਜ਼ਖ਼ਮੀ ਸੈਨਿਕਾਂ ਦੀ ਮਲ੍ਹਮ-ਪੱਟੀ ਕਰਦੇ ਹੋਏ ।

੧ੴ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ

ਪੰਜਾਬੀ ਮਾਸਿਕ

ਸਾਲ : 19ਵਾਂ ਅੰਕ : ਨੌਵਾਂ ਸਤੰਬਰ 2002 ਕੀਮਤ : ਅਮੁੱਲ

ਮੁੱਖ ਸਰਪ੍ਰਸਤ : ਸੰਤ ਬਾਬਾ ਤੀਰਥ ਸਿੰਘ ਸੇਵਾ ਪੰਥੀ Ph.0164-262012 Mob:98140-32957

ਸਰਪ੍ਰਸਤ : ਸੰਤ ਕਾਹਨ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫ਼ੋਨ : 263333 ਮੋਬਾ: 98140-04503, ਮਹੰਤ ਈਸ਼ਵਰ ਦਾਸ ਸ਼ਾਸਤਰੀ ਜਲੰਧਰ, ਸੰਤ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ, ਸੰਤ ਗੁਰਚਰਨ ਸਿੰਘ ਮੋਬਾ: 98140-02004, ਸੰਤ ਰਣਜੀਤ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫ਼ੋਨ: 262276 ਮੋਬਾ: 98140-35191, ਸ੍ਰ: ਤ੍ਰਿਲੋਚਣ ਸਿੰਘ ਸੇਠੀ ਮੁੰਬਈ।

ਮੁੱਖ ਸਲਾਹਕਾਰ : ਸ੍ਰ: ਵਜਿੰਦਰ ਸਿੰਘ ਐਡਵੋਕੇਟ ਅੰਬਾਲਾ, ਸ੍ਰ: ਨਰਿੰਦਰ ਸਿੰਘ 'ਸੋਚ' ਅੰਮ੍ਰਿਤਸਰ, ਸ: ਸੁਜਨ ਸਿੰਘ ਘੁਲਿਆਣੀ ਮੋਬਾ: 98140-94817, ਸ੍ਰੀਮਤੀ ਭੁਪਿੰਦਰ ਕੌਰ ਪਤਨੀ ਸ੍ਰ: ਜੀ ·ਐਸ ·ਬਜਾਜ ਦਿੱਲੀ, ਸ੍ਰ: ਜਸਪਾਲ ਸਿੰਘ ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ

**ਸੰਪਾਦਕੀ ਬੋਰਡ**

ਪ੍ਰਬੰਧਕੀ ਸੰਪਾਦਕ : ਭੁਪਿੰਦਰ ਸਿੰਘ 'ਸੇਵਾ ਪੰਥੀ' Ph. 262657
e-mail : bhupindersp@rediffmail.com

ਮੁੱਖ ਸੰਪਾਦਕ :ਚਮਨ ਸਿੰਘ 'ਚਮਨ' Mobile : 98140-75504

ਸ: ਸੰਪਾਦਕ :ਅਮਰਜੀਤ ਸਿੰਘ 'ਮਾਛੀਵਾੜਾ' Ph. 262051

## ਤਤਕਰਾ


| ਲੋਅ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|
| ਅਸੁਨਿ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਉਹਾਰ | ਗੁਰਮੀਤ ਕੌਰ 'ਮੀਤ' | 2 |
| ਸੰਪਾਦਕੀ | ਚਮਨ ਸਿੰਘ 'ਚਮਨ' | 3 |
| ਸਾਲਾਨਾ ਸੰਤ ਪੁਰਬ ਸ੍ਰੀ ਅਨੰਦਪੁਰ ਸਾਹਿਬ | ਮਹੰਤ ਦਿਲਬਾਗ ਸਿੰਘ 'ਸੇਵਾ ਪੰਥੀ' | 4 |
| ਸ੍ਰੀ ਅਨੰਦਪੁਰ ਸਾਹਿਬ ਦੀ ਸਤਸੰਗੀ ਯਾਤਰਾ | ਸੰਤ ਕਾਹਨ ਸਿੰਘ 'ਸੇਵਾ ਪੰਥੀ' | 5 |
| ਪਹਿਲਾ ਪ੍ਰਕਾਸ਼ ਗੁ: ਭਾਈ ਜਗਤਾ ਜੀ ਮਲੋਟ | ਸੰਤ ਧਰਮ ਸਿੰਘ 'ਸੇਵਾ ਪੰਥੀ' | 6 |
| ਲੰਗਰ ਵ ਦੀਵਾਨ ਹਾਲ ਦੀ ਕਾਰ ਸੇਵਾ | ਮਹੰਤ ਤੀਰਥ ਸਿੰਘ 'ਸੇਵਾ ਪੰਥੀ' | 7 |
| ਪ੍ਰੋਗਰਾਮ ਪ੍ਰਚਾਰ ਯਾਤਰਾ (ਵਿਦੇਸ਼) | ਸ: ਇੰਦਰਜੀਤ ਸਿੰਘ, ਮੈਨੇਜਰ | 8 |
| ਸਰਬ ਹਿੰਦ ਵਿੱਦਿਅਕ ਕਾਨਫ਼ਰੰਸ, ਅੰਮ੍ਰਿਤਸਰ | ਸਕੱਤਰ ਕਾਨਫ਼ਰੰਸ | 9 |
| ਕਥਾ ਸੁਖਮਨੀ ਸਾਹਿਬ (ਕਿਸਤ ਨੰ: 62) | ਮਹੰਤ ਤੀਰਥ ਸਿੰਘ 'ਸੇਵਾ ਪੰਥੀ' | 10 |
| ਸੋ ਦਰੁ ਰਹਿਰਾਸ ਸਾਹਿਬ (ਕਿਸਤ ਨੰ: 37) | ਸੰਤ ਕਾਹਨ ਸਿੰਘ 'ਸੇਵਾ ਪੰਥੀ' | 12 |
| ਬਾਣੀ ਦੇ ਰਚਿਤਾ | ਮੁੱਖ ਸੰਪਾਦਕ | 15 |
| ਆਦਿ ਗੁਰੂ ਗ੍ਰੰਥ ਸਾਹਿਬ | ਸਰਦਾਰਨੀ ਉੱਤਮਜੀਤ ਕੌਰ | 21 |
| ਦਸਾਂ ਪਾਤਿਸ਼ਾਹੀਆਂ ਦੀ ਆਤਮਕ ਜੋਤਿ | ਡਾ: ਜਸਵੰਤ ਸਿੰਘ ਨੇਕੀ | 24 |
| ਭਾਈ ਘਨੱਈਆ ਸਬੰਧੀ ਮਹੱਤਵਪੂਰਨ ਜਾਣਕਾਰੀ | ਪ੍ਰਿ: ਭਗਤ ਸਿੰਘ ਹੀਰਾ | 28 |
| ਸੇਵਾ ਪੰਥੀ ਕੌਣ | ਤੀਰਥ ਸਿੰਘ 'ਸੇਵਾ ਪੰਥੀ' | 31 |
| ਪਰਉਪਕਾਰੀ ਭਾਈ ਘਨੱਈਆ ਜੀ | ਬਲਜੀਤ ਸਿੰਘ ਬੱਲੀ | 33 |
| ਲਾਸਾਨੀ ਸ਼ਖ਼ਸੀਅਤ ਤੇ ਮਾਲਕ ਭਾਈ ਘਨੱਈਆ ਜੀ | ਅਮਰਜੀਤ ਕੌਰ | 36 |
| सेवा पंथ उदय और आदर्श | जोगिन्दर सिंह सागर | 40 |
| ਸੇਵਾ ਅਸਥਾਨਾਂ ਤੇ ਮੁੱਖ ਸੇਵਾਦਾਰਾਂ ਦੀ ਸੂਚੀ | ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' | 43 |
| ਵਰ - ਘਰ | ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' | 48 |

ੴ ਸਤਿਗੁਰ ਪ੍ਰਸਾਦਿ ॥

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

## ਅਸੁਨਿ

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥
ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥
ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥
ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥
ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥
ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥
ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥
ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥
ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥੮॥

| | | | | |
|---|---|---|---|---|
| ਸੰਮਤ ਬਿਕ੍ਰਮੀ | 2059 | ਗੁਰਪੁਰਬ ਤੇ | ਮੱਸਿਆ | 7 ਸਤੰਬਰ |
| ਸੰਮਤ ਨਾਨਕਸ਼ਾਹੀ | 533 | ਵਿਸ਼ੇਸ਼ ਦਿਵਸ | ਪੰਚਮੀ | 11 ਸਤੰਬਰ |
| ਸੰਮਤ ਖ਼ਾਲਸਾ | 304 | ਸਤੰਬਰ | ਸੰਗਰਾਂਦ | 16 ਸਤੰਬਰ |
| ਸੰਮਤ ਸਾਕਾ | 1924 | 2002 | ਪੂਰਨਮਾਸ਼ੀ | 21 ਸਤੰਬਰ |

| | | |
|---|---|---|
| ✤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ | 7 ਸਤੰਬਰ | ਸ਼ਨੀਵਾਰ |
| ✤ ਗੁਰਿਆਈ ਸ੍ਰੀ ਗੁਰੂ ਅਰਜਨ ਦੇਵ ਜੀ | 8 ਸਤੰਬਰ | ਐਤਵਾਰ |
| ✤ ਜੋਤੀ-ਜੋਤਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | 9 ਸਤੰਬਰ | ਸੋਮਵਾਰ |
| ✤ ਗੁਰਿਆਈ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | 19 ਸਤੰਬਰ | ਵੀਰਵਾਰ |
| ✤ ਜੋਤੀ-ਜੋਤਿ ਸ੍ਰੀ ਗੁਰੂ ਅਮਰਦਾਸ ਜੀ | 21 ਸਤੰਬਰ | ਸ਼ਨੀਵਾਰ |
| ✤ ਗੁਰਿਆਈ ਸ੍ਰੀ ਗੁਰੂ ਅੰਗਦ ਦੇਵ ਜੀ | 26 ਸਤੰਬਰ | ਵੀਰਵਾਰ |
| ✤ ਬਰਸੀ ਬਾਬਾ ਬੁੱਢਾ ਸਾਹਿਬ ਜੀ | 24 ਸਤੰਬਰ | ਮੰਗਲਵਾਰ |
| ✤ ਬਰਸੀ ਭਾਈ ਘਨੱਈਆ ਸਾਹਿਬ ਜੀ | 20 ਸਤੰਬਰ | ਸ਼ੁੱਕਰਵਾਰ |
| ✤ ਜਨਮ ਦਿਵਸ ਸਾਹਿਬਜ਼ਾਦਾ ਜੁਝਾਰ ਸਿੰਘ ਜੀ | 29 ਸਤੰਬਰ | ਐਤਵਾਰ |
| ✤ ਬੈਂਕ ਹਾਲੀ ਡੇ | 30 ਸਤੰਬਰ | ਸੋਮਵਾਰ |

ੴ



(1648-1718)

# ਅਮਨ, ਸ਼ਾਂਤੀ ਤੇ ਸੇਵਾ ਦੇ ਪ੍ਰਤੀਕ



(1828-1910)

## ਭਾਈ ਘਨੱਈਆ ਤੇ ਹੈਨਰੀ ਡਿਊਨਾਂ

ਅੰਤਰ-ਰਾਸ਼ਟਰੀ ਰੈੱਡ ਕਰਾਸ ਦੇ ਬਾਨੀ **ਹੈਨਰੀ ਡਿਊਨਾਂ** ਹੋਏ ਹਨ । ਜਦੋਂ ਕਿ ਪੌਣੇ ਦੋ ਸੌ ਸਾਲ ਪਹਿਲਾ ਪੰਜਾਬ ਵਿੱਚ **ਭਾਈ ਘਨੱਈਆ ਸਾਹਿਬ ਭਾਰਤੀ ਰੈੱਡ ਕਰਾਸ** ਦੇ ਪਹਿਲੇ ਪ੍ਰਵਰਤਕ ਮੰਨੇ ਜਾਂਦੇ ਹਨ।

**"ਸ਼੍ਰੀ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ"** ਦੀਆਂ ਮੇਹਰਾਂ ਭਰੀ ਦ੍ਰਿਸ਼ਟੀ ਦੀ ਉਪਜ ਅਤੇ ਦਸਮੇਸ਼ ਪਿਤਾ **ਸ਼੍ਰੀ ਗੁਰੂ ਗੋਬਿੰਦ ਸਿੰਘ ਜੀ** ਦੀਆਂ ਰਹਿਮਤਾਂ ਨਾਲ ਵਰੋਸਾਏ ਸਮਦਰਸ਼ੀ ਭਾਈ ਘਨੱਈਆ ਸਾਹਿਬ ਤੋਂ **ਸੇਵਾ ਪੰਥੀ ਸੰਪਰਦਾਇ ਦਾ ਮੁੱਢ ਬੱਝਿਆ** । ਭਾਈ ਘਨੱਈਆ ਜੀ ਨੇ ਦੁਸ਼ਟ ਦਮਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅਨਿਆਂ ਤੇ ਜ਼ੁਲਮ ਵਿਰੁਧ ਲੜੇ ਗਏ ਜੰਗਾਂ-ਯੁੱਧਾਂ **(1704 ਈ:)** ਵਿੱਚ ਬਿਨ੍ਹਾਂ ਕਿਸੇ ਵਿਤਕਰੇ ਜਾਂ ਦੂਈ ਭਾਵ ਦੇ ਵੈਰੀ-ਮਿੱਤਰ ਨੂੰ ਇੱਕ ਸਮਾਨ ਜਲ ਛਕਾਉਂਣ ਤੇ ਮਰ੍ਹਮ ਪੱਟੀ ਕਰਨ ਦੀ ਅਦੁੱਤੀ ਸੇਵਾ ਕਮਾਈ ਅਤੇ ਸੰਸਾਰ ਨੂੰ ਗੁਰਮਿਤ ਵਿੱਚ ਦਰਸਾਏ ਸੇਵਾ ਸਿਧਾਂਤਾਂ ਤੇ ਸੰਕਲਪਾਂ ਦੀ ਅਮਲੀ ਰੂਪ ਵਿੱਚ ਸੋਝੀ ਕਰਵਾਈ। ਜਿਸ ਨੂੰ ਵਰਤਮਾਨ ਸਮੇਂ ਉਨ੍ਹਾਂ ਦੇ ਪੱਥ ਪ੍ਰਦਸ਼ਕ ਸੇਵਾ ਪੰਥੀਆਂ ਨੇ ਅਪਣਾਇਆ ਹੋਇਆ ਹੈ।

ਇਸ ਤਰ੍ਹਾਂ ਪਛੱਮ ਵਿੱਚ ਜਨੇਵਾ ਦੇ ਜੰਮਪਲ **ਹੈਨਰੀ ਡਿਊਨਾਂ** ਨੇ 1859 ਵਿੱਚ ਸਾਲਫਰੀਨੋ ਦੀ ਭਿਆਨਕ ਲੜਾਈ ਵਿੱਚ ਜਖ਼ਮੀਆ ਦੀ ਨਿਸ਼ਕਾਮ ਸੇਵਾ ਕਮਾਈ। ਮੁੜ ਸਾਰਾ ਜੀਵਨ ਤੇ ਸਾਰੀ ਪੂੰਜੀ ਰੈੱਡ ਕਰਾਸ ਸੁਸਾਇਟੀ ਦੇ ਰੂਪ ਵਿੱਚ ਪ੍ਰਦਾਨ ਕਰ ਗਏ। ਆਪ ਤਰਸ , ਰਹਿਮ , ਤਿਆਗ, ਸੇਵਾ ਤੇ ਕੁਰਬਾਨੀ ਦੀ ਭਾਵਨਾ ਸਦਕਾ ਜੱਗ ਵਿੱਚ ਅਮਰ ਹਨ । ਇਸ ਤਰ੍ਹਾਂ ਸੇਵਾ ਪੰਥ ਦੇ ਮੋਢੀ **ਭਾਈ ਘਨੱਈਆ ਸਾਹਿਬ ਤੇ ਰੈੱਡ ਕਰਾਸ ਦੇ ਜਨਮ ਦਾਤਾ ਹੈਨਰੀ ਡਿਊਨਾਂ ਅਮਨ ਸ਼ਾਂਤੀ , ਸੇਵਾ ਦੇ ਪ੍ਰਤੀਕ ਵਜੋ ਜਾਣੇ ਜਾਂਦੇ ਹਨ ।**

**'ਭਾਈ ਘਨੱਈਆ ਸੇਵਾ ਜੋਤੀ'** ਭਾਈ ਘਨੱਈਆ ਸਾਹਿਬ ਦੇ ਮਿਸ਼ਨ ਦੀ ਤਰਜਮਾਨੀ ਕਰਦੀ ਹੈ ਅਤੇ ਉਨ੍ਹਾਂ ਦਾ ਸੰਦੇਸ਼ ਘਰ-ਘਰ ਪੁਹੰਚਾਉਣ ਲਈ ਯਤਨਸ਼ੀਲ ਹੈ। ਪੱਤਰ ਲਿਖ ਕੇ 'ਸੇਵਾ ਜੋਤੀ' ਮੰਗਵਾਉ, ਪੜ੍ਹੋ ਤੇ ਲਾਭ ਉਠਾਉ ।

ਹਿਤੂ,

**ਚਮਨ ਸਿੰਘ 'ਚਮਨ'**

ਚੀਫ ਐਡੀਟਰ

ਵਿਸ਼ੇਸ਼ ਸੰਦੇਸ਼

੧ੴ

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥

# ਸੇਵਾ ਸਥਾਨ ਭਾਈ ਘਨੱਈਆ ਜੀ

## ਸ੍ਰੀ ਆਨੰਦਪੁਰ ਸਾਹਿਬ (ਰੋਪੜ) ਵਿਖੇ

### ਮਿਤੀ 18, 19 ਤੇ 20 ਸਤੰਬਰ 2002 ਦਿਨ ਬੁੱਧਵਾਰ ਵੀਰਵਾਰ ਤੇ ਸ਼ੁੱਕਰਵਾਰ ਨੂੰ

# ਬ੍ਰਹਮ-ਗਿਆਨੀ ਮੁਕਟਮਣੀ ਭਾਈ ਘਨੱਈਆ ਜੀ ਦੀ ਬਰਸੀ

ਅਥਵਾ

# ਸਾਲਾਨਾ ਸੰਤ ਪੁਰਬ

ਸਰਬੱਤ ਸੇਵਾ ਪੰਥੀ ਟਿਕਾਣਿਆਂ (ਸੇਵਾ ਕੇਂਦਰਾਂ) ਦੇ ਪੂਜਨੀਕ ਸੰਤਾਂ-ਮਹੰਤਾਂ, ਭਾਈ ਘਨੱਈਆ ਸੇਵਾ ਸੁਸਾਇਟੀ (ਰਜਿ:) ਦੇ ਸਭ ਨਗਰਾਂ ਦੇ ਯੂਨਿਟਾਂ ਅਤੇ ਸਮੂਹ ਪ੍ਰੇਮੀ ਸੰਗਤਾਂ ਦੀ ਸੇਵਾ ਵਿੱਚ ਸਨਿਮਰ ਬੇਨਤੀ ਹੈ ਕਿ ਸੇਵਾ ਦੇ ਪੁੰਜ, ਅਮਨਦੂਤ, ਮਾਨਵ-ਵਾਦੀ, ਸਮਦਰਸ਼ੀ, ਬ੍ਰਹਮ-ਗਿਆਨੀ ਭਾਈ ਘਨੱਈਆ ਜੀ ਦੀ ਸਾਲਾਨਾ ਬਰਸੀ, ਸਮੁੱਚੇ ਸੇਵਾ ਪੰਥ ਵੱਲੋਂ ਬੜੀ ਸ਼ਰਧਾ, ਪ੍ਰੇਮ ਤੇ ਉਤਸ਼ਾਹ ਨਾਲ ਉਪਰੋਕਤ ਅਨੁਸਾਰ ਮਨਾਈ ਜਾ ਰਹੀ ਹੈ। 19 ਸਤੰਬਰ ਦਿਨ ਵੀਰਵਾਰ ਰਾਤ ਨੂੰ ਮਹਾਨ ਕੀਰਤਨ-ਦਰਬਾਰ ਹੋਵੇਗਾ ਜਿਸ ਵਿੱਚ ਉੱਚ ਕੋਟੀ ਦੇ ਕੀਰਤਨੀ ਜਥੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। 20 ਸਤੰਬਰ 2002 ਦਿਨ ਸ਼ੁੱਕਰਵਾਰ ਨੂੰ ਬਰਸੀ ਦਿਹਾੜੇ ਸਵੇਰੇ 8 ਵਜੇ ਤੋਂ 1 ਵਜੇ ਤੱਕ ਵਿਸ਼ੇਸ਼ ਦੀਵਾਨ ਸਜੇਗਾ, 11 ਤੋਂ 1 ਵਜੇ ਤੱਕ ਸੰਤ-ਸੰਮੇਲਨ ਹੋਵੇਗਾ ਜਿਸ ਵਿੱਚ ਸੇਵਾ ਪੰਥੀ ਡੇਰਿਆਂ ਦੇ ਸੰਤ-ਮਹੰਤ ਆਪਣੇ ਮਨੋਹਰ ਪ੍ਰਵਚਨ ਸਰਵਣ ਕਰਾਉਣਗੇ। ਸੰਗਤਾਂ ਨੇ ਹੁੰਮ-ਹੁੰਮਾ ਕੇ ਸਮਾਗਮ ਵਿੱਚ ਸ਼ਾਮਲ ਹੋਣ ਦੀ ਕਿਰਪਾਲਤਾ ਕਰਨੀ, ਹਾਰਦਿਕ ਧੰਨਵਾਦੀ ਹੋਵਾਂਗੇ।

## ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਦਰਸ਼ਨ ਅਭਿਲਾਸ਼ੀ :

ਸਾਧ-ਸੰਗਤ ਦੇ ਦਾਸ,

**(ਮਹੰਤ) ਦਿਲਬਾਗ ਸਿੰਘ 'ਸੇਵਾ ਪੰਥੀ'**
ਸੇਵਾ ਸਥਾਨ ਭਾਈ ਘਨੱਈਆ ਜੀ,
ਸ੍ਰੀ ਆਨੰਦਪੁਰ ਸਾਹਿਬ
ਜ਼ਿਲ੍ਹਾ ਰੋਪੜ।
ਫ਼ੋਨ : 01887 - 32349

**(ਮਹੰਤ) ਤੀਰਥ ਸਿੰਘ 'ਸੇਵਾ ਪੰਥੀ'**
ਪ੍ਰਧਾਨ,
ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ:) ਅੰਮ੍ਰਿਤਸਰ
ਟਿਕਾਣਾ ਭਾਈ ਜਗਤਾ ਜੀ ਸਾਹਿਬ,
ਗੋਨਿਆਣਾ ਮੰਡੀ, (ਬਠਿੰਡਾ)

ਸੇਵਾ ਦੇ ਪੁੰਜ, ਸਮਦਰਸ਼ੀ, ਅਮਨਦੂਤ, ਬ੍ਰਹਮ-ਗਿਆਨੀ ਭਾਈ ਘਨੱਈਆ ਜੀ ਦੀ ਯਾਦ ਵਿੱਚ
ਸ੍ਰੀ ਆਨੰਦਪੁਰ ਸਾਹਿਬ ਵਿਖੇ ਮਿਤੀ **20** ਸਤੰਬਰ **2002** ਨੂੰ ਮਨਾਏ ਜਾ ਰਹੇ
ਸਾਲਾਨਾ ਸੰਤ ਪੁਰਬ ਦੇ ਮੌਕੇ ਤੇ

# ਸ਼੍ਰੀਮਾਨ ਸੰਤ ਕਾਹਨ ਸਿੰਘ ਜੀ 'ਸੇਵਾ ਪੰਥੀ'

## ਟਿਕਾਣਾ ਭਾਈ ਜਗਤਾ ਜੀ ਸਾਹਿਬ

ਗੋਨਿਆਣਾ ਮੰਡੀ ਜ਼ਿਲ੍ਹਾ ਬਠਿੰਡਾ ਦੀ ਸਰਪ੍ਰਸਤੀ ਵਿੱਚ
ਮਿਤੀ **18, 19**ਅਤੇ **20** ਸਤੰਬਰ **2002** ਨੂੰ ਬੱਸਾਂ, ਟਰੱਕਾਂ ਦੁਆਰਾ ਤਿੰਨ ਰੋਜ਼ਾ

# ਸ੍ਰੀ ਆਨੰਦਪੁਰ ਸਾਹਿਬ ਦੀ ਤੇ ਹੋਰ ਗੁਰਧਾਮਾਂ ਦੀ ਸਤਿਸੰਗੀ-ਯਾਤਰਾ

## ਮਿਤੀ **18-9-2002** ਦਿਨ ਬੁੱਧਵਾਰ

ਸਵੇਰੇ 6 ਵਜੇ ਟਿਕਾਣਾ ਸਾਹਿਬ ਤੋਂ ਚੱਲ ਕੇ ਗੁਰਦੁਆਰਾ ਦੂੱਖ ਨਿਵਾਰਨ ਸਾਹਿਬ ਪਟਿਆਲਾ (ਲੰਗਰ ਦੁਪਹਿਰ), ਗੁਰਦੁਆਰਾ ਮੰਜੀ ਸਾਹਿਬ ਅੰਬਾਲਾ, ਡੇਰਾ ਸੰਤਪੁਰਾ ਯਮੁਨਾਨਗਰ (ਚਾਹ ਦਾ ਲੰਗਰ) ਗੁਰਦੁਆਰਾ ਪਾਉਂਟਾ ਸਾਹਿਬ (ਰਾਤ ਵਿਸ਼ਰਾਮ)

## ਮਿਤੀ **19-9-2002** ਦਿਨ ਵੀਰਵਾਰ

ਗੁਰਦੁਆਰਾ ਪਾਉਂਟਾ ਸਾਹਿਬ ਤੋਂ ਸਵੇਰੇ 6 ਵਜੇ ਚੱਲ ਕੇ, ਵਾਇਆ ਕਾਲਾ ਅੰਬ, ਗੁਰਦੁਆਰਾ ਨਾਡਾ ਸਾਹਿਬ, (ਲੰਗਰ ਦੁਪਹਿਰ), ਗੁਰਦੁਆਰਾ ਪਰਿਵਾਰ ਵਿਛੋੜਾ, ਗੁਰਦੁਆਰਾ ਕੀਰਤਪੁਰ ਸਾਹਿਬ, ਸੇਵਾ ਅਸਥਾਨ ਸ੍ਰੀ ਅਨੰਦਪੁਰ ਸਾਹਿਬ (ਰਾਤ ਵਿਸ਼ਰਾਮ)

## ਮਿਤੀ **20-9-2002** ਦਿਨ ਸ਼ੁੱਕਰਵਾਰ

ਸ੍ਰੀ ਆਨੰਦਪੁਰ ਸਾਹਿਬ ਦੇ ਸਥਾਨਿਕ ਗੁਰਦੁਆਰਿਆਂ ਦੇ ਦਰਸ਼ਨ, ਸਵੇਰੇ 10 ਵਜੇ ਤੋਂ 1-00 ਵਜੇ ਤੱਕ, **ਸੰਤ ਪੁਰਬ ਸਮਾਗਮ** ਵਿੱਚ ਹਾਜ਼ਰੀ ਜ਼ਰੂਰੀ । ਸਮਾਪਤੀ ਉਪਰੰਤ **ਗੁਰੂ ਕਾ ਲੰਗਰ**, ਵਾਪਸੀ 2 ਵਜੇ, ਦਰਸ਼ਨ ਗੁਰਦੁਆਰਾ ਭੱਠਾ ਸਾਹਿਬ, ਗੁਰਦੁਆਰਾ ਮਾਛੀਵਾੜਾ, ਗੁਰਦੁਆਰਾ ਆਲਮਗੀਰ, ਗੁਰਦੁਆਰਾ ਨਾਨਕਸਰ ਕਲੇਰਾਂ, ਪਹੁੰਚ ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ ।

## ਸਾਧ ਸੰਗਤ ਦੇ ਦਾਸ :


**(ਮਹੰਤ) ਤੀਰਥ ਸਿੰਘ 'ਸੇਵਾ ਪੰਥੀ'**

(ਸੰਤ) ਹਰਪਾਲ ਸਿੰਘ 'ਸੇਵਾ ਪੰਥੀ'
(ਸੰਤ) ਭੁਪਿੰਦਰ ਸਿੰਘ 'ਸੇਵਾ ਪੰਥੀ'
(ਸੰਤ) ਰਣਜੀਤ ਸਿੰਘ 'ਸੇਵਾ ਪੰਥੀ'
(ਸੰਤ) ਜਗਜੀਤ ਸਿੰਘ 'ਸੇਵਾ ਪੰਥੀ'
(ਸੰਤ) ਗੁਰਚਰਨ ਸਿੰਘ 'ਸੇਵਾ ਪੰਥੀ'

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, (ਬਠਿੰਡਾ)
ਫ਼ੋਨ : **0164-262012, 262051, 263333, 262276, 262657**

ੴ ਸਤਿਗੁਰ ਪ੍ਰਸਾਦਿ ॥

## ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ ॥

## ਗੁਰਦੁਆਰਾ ਭਾਈ ਜਗਤਾ ਜੀ ਮਲੋਟ ਵਿਖੇ

# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਉਤਸਵ

ਪੂਜਨੀਕ ਮਹਾਂਪੁਰਖ **ਮਹੰਤ ਬਾਬਾ ਤੀਰਥ ਸਿੰਘ ਜੀ** ਦੀ ਪ੍ਰੇਰਨਾ ਸਦਕਾ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ । ਆਪ ਸਭ ਸੰਗਤਾਂ ਨੇ ਸਮਾਗਮ ਵਿੱਚ ਪਹੁੰਚ ਕੇ ਤਨ ਮਨ ਧਨ ਨਾਲ ਸੇਵਾ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਜੀ ।

# ਪ੍ਰੋਗਰਾਮ

ਮਿਤੀ **5** ਸਤੰਬਰ ਦਿਨ ਵੀਰਵਾਰ

ਸ਼੍ਰੀ ਅਖੰਡ ਪਾਠ ਦਾ ਅਰੰਭ................ ਸਵੇਰੇ **8-30** ਵਜੇ

ਮਿਤੀ **7** ਸਤੰਬਰ ਦਿਨ ਸ਼ਨੀਵਾਰ

ਸ਼੍ਰੀ ਅਖੰਡ ਪਾਠ ਦਾ ਭੋਗ................ ਸਵੇਰੇ **6-00** ਵਜੇ

ਕੀਰਤਨ ਅਤੇ ਕਥਾ............... ਰਾਤ **7** ਤੋਂ **10** ਵਜੇ ਤੱਕ

## ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

ਪਹੁੰਚ ਰਹੇ ਸੰਤ ਮਹਾਂਪੁਰਖ ਅਤੇ ਰਾਗੀ ਜੱਥੇ :-

ਸੰਤ ਭਾਈ ਕਾਹਨ ਸਿੰਘ ਜੀ 'ਸੇਵਾ ਪੰਥੀ'
ਸੰਤ ਭਾਈ ਭੁਪਿੰਦਰ ਸਿੰਘ ਜੀ 'ਸੇਵਾ ਪੰਥੀ'
ਸੰਤ ਭਾਈ ਹਰਪਾਲ ਸਿੰਘ ਜੀ 'ਸੇਵਾ ਪੰਥੀ'
ਗੋਨਿਆਣਾ ਭਾਈ ਜਗਤਾ

ਭਾਈ ਮੰਗਤ ਸਿੰਘ ਜੀ ਮਸਤਾਨਾ
ਭਾਈ ਰਣਵਿੰਦਰ ਸਿੰਘ ਜੀ, ਰਾਗੀ ਜੱਥਾ
ਫਾਜਿਲਕਾ ਵਾਲੇ

ਨੋਟ : ਸੰਤ ਭਾਈ ਕਾਹਨ ਸਿੰਘ ਜੀ ਅਤੇ ਸੰਤ ਭਾਈ ਭੁਪਿੰਦਰ ਸਿੰਘ ਜੀ **29** ਅਗਸਤ ਦਿਨ ਵੀਰਵਾਰ ਤੋਂ **7** ਸਤੰਬਰ ਦਿਨ ਸ਼ਨੀਵਾਰ ਤੱਕ ਰੋਜ਼ਾਨਾ ਸਵੇਰੇ ਸ਼ਾਮ ਗੁਰਬਾਣੀ ਦੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ।

**ਪ੍ਰਭਾਤ ਫੇਰੀਆਂ 31 ਅਗਸਤ ਸ਼ਨੀਵਾਰ ਤੋਂ 7 ਸਤੰਬਰ ਸ਼ਨੀਵਾਰ ਤੱਕ ਚੱਲਣਗੀਆਂ ।**

ਸੰਤ ਭਾਈ ਧਰਮ ਸਿੰਘ ਜੀ
ਮੁੱਖ ਸੇਵਾਦਾਰ

ਭਾਈ ਪ੍ਰੀਤਮ ਸਿੰਘ
ਮੈਨੇਜਰ

੧ੴ ਵਾਹਿਗੁਰੂ ਜੀ ਦੀ ਫਤਿਹ ॥

''ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ''

ਸੇਵਾ ਪੰਥੀ ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ

ਨਵੀਂ ਬਸਤੀ ਗੋਨਿਆਣਾ ਭਾਈ ਜਗਤਾ (ਬਠਿੰਡਾ) ਵਿਖੇ

# ਲੰਗਰ ਵ: ਦੀਵਾਨ ਹਾਲ (90'x60') ਦੀ

# ਕਾਰ ਸੇਵਾ ਦਾ ਪ੍ਰੋਗਰਾਮ

## ਸੇਵਾ ਕਮਾਉਣ ਦਾ ਸ਼ੁਭ ਅਵਸਰ

## ਨੀਂਹ ਪਥੱਰ :

ਸ੍ਰੀ ਮਾਨ 108 ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' ਗੋਨਿਆਣਾ ਭਾਈ ਜਗਤਾ (ਬਠਿੰਡਾ) ਮਿਤੀ 17 ਸਤੰਬਰ 2002 ਦਿਨ ਮੰਗਲਵਾਰ ਸਵੇਰੇ 10 ਵਜੇ ਆਪਣੇ ਕਰ ਕਮਲਾਂ ਦੁਆਰਾ ਰਖੱਣਗੇ ।

## ਕਾਰ ਸੇਵਾ ਕਮੇਟੀ :

ਸੰਤ ਭਾਈ ਕਾਹਨ ਸਿੰਘ ਜੀ ਤੇ ਸੰਤ ਪ੍ਰੀਤਮ ਸਿੰਘ ਜੀ ਦੀ ਅਗਵਾਈ ਵਿੱਚ ਕਾਰ ਸੇਵਾ ਕਮੇਟੀ ਬਣਾਈ ਗਈ ਹੈ ਜੋ ਉਸਾਰੀ ਦੇ ਪ੍ਰਬੰਧਾਂ ਵਿੱਚ ਜੁਟ ਗਈ ਹੈ । ਸੇਵਾ ਦਾ ਸ਼ੁਭ ਅਵਸਰ ਹੈ ਪ੍ਰੇਮੀ ਸੰਗਤਾਂ ਦੀ ਸੇਵਾ ਵਿੱਚ ਸਨਿਮਰ ਬੇਨਤੀ ਹੈ ਕਿ ਲੰਗਰ ਵ: ਦੀਵਾਨ ਹਾਲ ਦੀ ਕਾਰ ਸੇਵਾ ਵਿੱਚ ਦਿਲ ਖੋਲ੍ਹਕੇ ਤਨ,ਮਨ, ਧਨ ਨਾਲ ਸੇਵਾ ਕਮਾਉ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ, ਹਾਰਦਿਕ ਧੰਨਵਾਦੀ ਹੋਵਾਂਗੇ ।

## ਸਾਧ ਸੰਗਤ ਦੇ ਦਾਸ,

(ਸੰਤ) ਪ੍ਰੀਤਮ ਸਿੰਘ 'ਸੇਵਾ ਪੰਥੀ'
ਸੇਵਾਦਾਰ
ਗੁ: ਸੰਤ ਸੁਹੇਲ ਸਿੰਘ ਜੀ
ਨਵੀ ਬਸਤੀ
ਫੋਨ 0164-262612

(ਸੰਤ) ਕਾਹਨ ਸਿੰਘ 'ਸੇਵਾ ਪੰਥੀ'
ਫੋਨ 263333

(ਮਹੰਤ) ਤੀਰਥ ਸਿੰਘ 'ਸੇਵਾ ਪੰਥੀ'
ਫੋਨ 262012
ਗੋਨਿਆਣਾ ਭਾਈ ਜਗਤਾ
(ਬਠਿੰਡਾ)

Programme Regarding Foreign Tour Undertaken By

# Shriman Saint Baba Tirath Singh Ji

*'Sewa Panthi'*

*July to September 2002*

*Tikana Bhai Jagta Ji Sahib, Goniana Mandi Bathinda (Pb.)*

*S.T.D. Code : 0164 Phone : 262012, 262051, 262000*

*Fax. : 262657 Mobile : [illegible]40-32957 (India)*

*Mobile : 001-646-644-5400 for U.S.A.*

*0044-07931-147180 for U.K.*

| Date | City | Address |
|---|---|---|
| 12-8-2002<br>10-9-2002 | London<br>(England) | 1. S. GURBACHAN SINGH ADVOCATE<br>11, Litalton Road,<br>Hairo Madax, HAI357<br>Phone : 0208-566-1005 (Personal)<br>0208-423-8171 (Resi.)<br>0208-567-2661 (Offi.)<br>0208-567-1175 (Fax.)<br>2. S. GURBAX SINGH BAKSHI<br>Phone : 208-908-1230 (Resi)<br>3. S. CHARANJIT SINGH CHANDHOK<br>2, Woodside Avenue,<br>1, North Finchley London 12 8BG<br>Phone : 0208-445-3431<br>Fax : 0044-208-445-2878 |
| 11-9-2002 | ਕਲਾਨੌਰ | ਸਾਲਾਨਾ ਬਰਸੀ ਸਮਾਗਮ ਟਿਕਾਣਾ ਭਾਈ ਭੱਲਾ ਰਾਮ ਜੀ<br>Ph. 01258-22550 |
| 14-9-2002 | ਅੰਬਾਲਾ ਸ਼ਹਿਰ | ਸਮਾਪਤੀ ਆਖੰਡ ਪਾਠ<br>ਸ੍ਰ: ਅਮਰੀਕ ਸਿੰਘ ਦੁਰਗਾ ਨਗਰ Ph. 2531866 |
| 16-9-2002 | ਗੋਨਿਆਣਾ ਮੰਡੀ | ਸੰਗਰਾਂਦ ਦਾ ਮਾਸਿਕ ਸਮਾਗਮ |
| 17-9-2002 | ਗੋਨਿਆਣਾ ਮੰਡੀ | ਸ੍ਰ: ਚੱਤਰ ਸਿੰਘ ਦੇ ਗ੍ਰਿਹ ਵਿਖੇ ਅਸ਼ੁਪ੍ਰੀਤ ਸਿੰਘ ਦਾ ਸ਼ਗਨ |
| 18-9-2002<br>ਤੋਂ<br>20-9-2002 | ਸ੍ਰੀ ਆਨੰਦਪੁਰ<br>ਸਾਹਿਬ | ਸੇਵਾ ਸਥਾਨ ਭਾਈ ਘਨੱਈਆ ਜੀ ਵਿਖੇ ਸਾਲਾਨਾ ਸੰਤ ਪੂਰਬ<br>Ph. 01887-32349 |

# 61ਵੀਂ ਸਰਬ ਹਿੰਦ ਸਿੱਖ ਵਿਦਿਅਕ ਕਾਨਫ਼ਰੰਸ

ਸਮੁੱਚੇ ਸ੍ਰੀ ਗੁਰੂ ਨਾਨਕ ਨਾਮ-ਲੇਵਾ, ਸਿੱਖ ਸਿਧਾਂਤਾਂ ਦੇ ਧਾਰਨੀ ਅਤੇ ਅਜੋਕੇ ਸੰਦਰਭ ਵਿਚ ਸਿੱਖ ਕੌਮ ਦਾ ਦਰਦ ਰੱਖਣ ਵਾਲੇ ਪਰਮ ਸਤਿਕਾਰਯੋਗ ਖ਼ਾਲਸਾ ਜੀਓ !

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਨਵ-ਚੇਤਨਾ ਦੀ ਮੋਢੀ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੀ ਪਹਿਲੀ ਸ਼ਤਾਬਦੀ ਨੂੰ ਸਮਰਪਿਤ

## 4-5 ਅਤੇ 6 ਅਕਤੂਬਰ, 2002 ਨੂੰ

## ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਖੇ ਹੋ ਰਹੀ ਹੈ ।

## ਕਾਨਫ਼ਰੰਸ ਵਿਚ ਸਿੱਖ ਕੌਮ ਦੀਆਂ ਪ੍ਰਸਿੱਧ ਵਿਦਿਅਕ ਹਸਤੀਆਂ ਭਾਗ ਲੈ ਰਹੀਆਂ ਹਨ ।

ਆਪ ਜੀ ਨੂੰ ਕਾਨਫ਼ਰੰਸ ਵਿਚ ਸ਼ਾਮਲ ਹੋ ਕੇ ਸਿੱਖ ਕੌਮ ਨੂੰ ਦਰਪੇਸ਼ ਸਮੱਸਿਆਵਾਂ ਸੰਬੰਧੀ ਅਰਥ ਭਰਪੂਰ ਵਿਚਾਰ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ ।

## ਸਮੱਸਿਆਵਾਂ :

- ਧਾਰਮਿਕ ਖੇਤਰ ਵਿਚ ਆਇਆ ਨਿਘਾਰ ।
- ਵਿਦਿਅਕ ਖੇਤਰ ਨਾਲ ਜੁੜੀਆਂ ਸਮੱਸਿਆਵਾਂ ।
- ਆਧੁਨਿਕਤਾ ਦੇ ਨਾਮ ਤੇ ਸਿੱਖ ਸਭਿਆਚਾਰ ਨੂੰ ਲੱਗ ਰਹੀ ਢਾਹ ।
- ਸਿੱਖ ਆਰਥਿਕਤਾ, ਵਪਾਰ, ਉਦਯੋਗ, ਖੇਤੀਬਾੜੀ ਆਦਿ ਵਿਚ ਆਈ ਖੜੋਤ ।

ਪ੍ਰਾਰਥਕ :

ਸਰਪ੍ਰਸਤ ਕਾਨਫ਼ਰੰਸ : **ਪੰਥ ਰਤਨ ਮਹੰਤ ਤੀਰਥ ਸਿੰਘ ਜੀ** 'ਸੇਵਾ ਪੰਥੀ',
ਗੋਨਿਆਣਾ ਭਾਈ ਜਗਤਾ, ਬਠਿੰਡਾ

ਪ੍ਰਿਤਪਾਲ ਸਿੰਘ ਸੋਢੀ
ਚੇਅਰਮੈਨ
ਸੁਆਗਤੀ ਕਮੇਟੀ

ਭਾਗ ਸਿੰਘ ਅਣਖੀ
ਆਨਰੇਰੀ ਸਕੱਤਰ

ਡਾ: ਮਹਿੰਦਰ ਸਿੰਘ ਢਿੱਲੋਂ
ਜਨਰਲ ਸਕੱਤਰ ਤੇ
ਆਨਰੇਰੀ ਸਕੱਤਰ,
ਐਜੂਕੇਸ਼ਨਲ ਕਮੇਟੀ

**ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ**

# ਸੁਖਮਨੀ ਸਾਹਿਬ

- ਤੀਰਥ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਸਲੋਕੁ ॥

ਮਨਿ ਸਾਚਾ ਮੁਖਿ ਸਾਚਾ ਸੋਇ ॥
ਅਵਰ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥੧॥

ਅਸ਼ਟਪਦੀ ॥

ਬ੍ਰਹਮ ਗਿਆਨੀ ਸਦਾ ਨਿਰਲੇਪ ॥
ਜੈਸੇ ਜਲ ਮਹਿ ਕਮਲ ਅਲੇਪ ॥
ਬ੍ਰਹਮ ਗਿਆਨੀ ਸਦਾ ਨਿਰਦੋਖ ॥
ਜੈਸੇ ਸੂਰੁ ਸਰਬ ਕਉ ਸੋਖ ॥
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥
ਬ੍ਰਹਮ ਗਿਆਨੀ ਕੈ ਧੀਰਜੁ ਏਕ ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥
ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥
ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥੧॥

ਸਲੋਕੁ ॥ ਮਨਿ ਸਾਚਾ ਮੁਖਿ ਸਾਚਾ ਸੋਇ ॥

ਇਸ ਸਲੋਕ ਵਿੱਚ ਇਕ ਸਿਖ ਨੇ ਗੁਰੂ ਸਹਿਬਾਨ ਨੂੰ ਪੁਛਿਆ ਕਿ ਬ੍ਰਹਮ ਗਿਆਨੀ ਦੇ ਕੀ ਲਛਣ ਹਨ ਤਾਂ ਗੁਰੂ ਸਾਹਿਬ ਜਵਾਬ ਵਿੱਚ ਦਸਦੇ ਹਨ ਕਿ ਜਿਸ ਦੇ ਮਨ ਵਿੱਚ ਸਚਾ ਵਾਹਿਗੁਰੂ ਅਤੇ ਮੂੰਹ ਵਿੱਚ ਵੀ ਉਹ ਵਾਹਿਗੁਰੂ ਵਸਦਾ ਹੈ।

ਅਵਰ ਨ ਪੇਖੈ ਏਕਸੁ ਬਿਨੁ ਕੋਇ ॥

ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥੧॥

ਇਹਨਾਂ ਅੱਖਾਂ ਨਾਲ ਇਕ ਪ੍ਰਮਾਤਮਾ ਤੋਂ ਬਿਨਾਂ ਉਸ ਨੂੰ ਹੋਰ ਕੁਝ ਨਹੀ ਦਿਸਦਾ ਅਤੇ ਹਰ ਜੀਵ ਵਿੱਚ ਉਹ ਵਾਹਿਗੁਰੂ ਹੀ ਦਿਸਦਾ ਹੈ ਗੁਰੂ ਜੀ ਕਹਿੰਦੇ ਹਨ ਕਿ ਇਹਨਾ ਲਛਣਾਂ ਵਾਲਾ ਮਨੁਖ ਹੀ ਬ੍ਰਹਮ ਗਿਆਨੀ ਹੁੰਦਾ ਹੈ।

ਅਸ਼ਟਪਦੀ ॥ ਬ੍ਰਹਮ ਗਿਆਨੀ ਸਦਾ ਨਿਰਲੇਪ ॥

ਜੈਸੇ ਜਲ ਮਹਿ ਕਮਲ ਅਲੇਪ ॥

ਬ੍ਰਹਮ ਗਿਆਨੀ ਸੰਸਾਰ ਵਿੱਚ ਰਹਿੰਦਾ ਹੋਇਆ ਵੀ ਮਾਇਆ ਤੋ ਸਦਾ ਨਿਰਲੇਪ (ਦੂਰ) ਰਹਿੰਦਾ ਹੈ ਜਿਵੇਂ ਕਮਲ ਦਾ ਫੂਲ, ਪਾਣੀ ਵਿੱਚ ਰਹਿੰਦਾ ਹੋਇਆ ਵੀ ਉਪਰ ਰਹਿੰਦਾ ਹੈ ਭਾਵ ਉਪਰ ਸੁਕਾ ਹੀ ਰਹਿੰਦਾ ਹੈ।

ਬ੍ਰਹਮ ਗਿਆਨੀ ਸਦਾ ਨਿਰਦੋਖ ॥

ਜੈਸੇ ਸੂਰੁ ਸਰਬ ਕਉ ਸੋਖ ॥

ਬ੍ਰਹਮ ਗਿਆਨੀ ਸਾਰੇ ਭੋਗਾਂ ਨੂੰ ਭੋਗਦਾ ਹੋਇਆ ਵੀ ਸਾਰੇ ਦੋਸ਼ਾ ਤੋ ਰਹਿਤ ਹੈ ਜਿਵੇ ਸੂਰਜ ਵਿਸ਼ਟਾਂ ਆਦਿ ਨੀਚ ਰਸਾਂ ਨੂੰ ਸੁਕਾਉਂਦਾ ਹੋਇਆ ਕਲੰਕ ਤੋ ਰਹਿਤ ਹੈ।

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥

ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥

ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਵਿੱਚ ਸਾਰੇ ਇਕ ਬਰਾਬਰ ਹਨ ਜਿਵੇਂ ਹਵਾ ਗਰੀਬ ਤੇ ਅਮੀਰ ਸਭ ਨੂੰ ਇਕੋ ਜਿਹੀ ਲਗਦੀ ਹੈ।

ਬ੍ਰਹਮ ਗਿਆਨੀ ਕੈ ਧੀਰਜੁ ਏਕ ॥

ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥

ਬ੍ਰਹਮ ਗਿਆਨੀ ਦਾ ਧੀਰਜ ਦ੍ਰਿੜ ਰਹਿੰਦਾ ਹੈ ਜਿਵੇਂ ਧਰਤੀ ਨੂੰ ਕੋਈ ਖੋਦੈ (ਪੁਟਣਾ) ਕੋਈ ਉਸ ਉਪਰ ਕੋਈ ਚੰਦਨ ਦਾ ਲੇਪ ਕਰੇ ਉਸ ਨੂੰ ਕੋਈ ਫ਼ਰਕ ਨਹੀ ਪੈਂਦਾ ਇਸੇ ਤਰਾਂ ਬ੍ਰਹਮ ਗਿਆਨੀ ਦੀ ਅਵਸਥਾ ਹੈ।

ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥

ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥੧॥

ਗੁਰੂ ਜੀ ਕਹਿੰਦੇ ਹਨ ਜਿਵੇਂ ਪਾਵਕ (ਅੱਗ) ਦਾ ਸੁਭਾਅ ਹੈ ਕਿ ਜਿਹੜਾ ਮਨੁਖ ਉਸ ਕੋਲ ਆਉਂਦਾ ਹੈ ਉਸ ਦਾ ਹਨੇਰਾ, ਡਰ, ਠੰਡ ਦੂਰ ਕਰਦੀ ਹੈ ਉਸੇ ਤਰ੍ਹਾਂ ਜੋ ਮਨੁਖ ਬ੍ਰਹਮ ਗਿਆਨੀ ਕੋਲ ਚਲ ਕੇ ਆਉਂਦਾ ਹੈ ਉਸਦਾ ਅਗਿਆਨ ਰੂਪੀ ਹਨੇਰਾ, ਜਨਮ-ਮਰਨ ਦਾ ਚੱਕਰ ਦੂਰ ਕਰ ਦੇਂਦੇ ਹਨ।

ਚਲਦਾ .....

ਲੜੀਵਾਰ ਕਥਾ

# ਸੋ ਦਰੁ ਰਹਿਰਾਸ ਸਾਹਿਬ

- ਸੰਤ ਕਾਹਨ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਅਗਸਤ 2002 ਦਾ ਅੰਕ ਪੜ੍ਹੋ ।

## ਅਨੰਦੁ ਸਾਹਿਬ

### ਰਾਮਕਲੀ ਮਹਲਾ ੩ ਅਨੰਦੁ

### ੧ੴ ਸਤਿਗੁਰ ਪ੍ਰਸਾਦਿ ॥

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੮॥

ਵਾਜੇ ਪੰਚ ਸਬਦ ਤਿਤੁ ਘਰਿ ਸੰਭਾਗੈ ।

ਪਦ ਅਰਥ : ਵਾਜੇ-ਵੱਜਦੇ ਹਨ, ਪੰਚ ਸਬਦ-ਪੰਜ ਤਰ੍ਹਾਂ ਦੇ ਪ੍ਰਚਲਿਤ ਸਾਜ :- ਤਾਰ, ਚੰਮ, ਧਾਤ, ਘੜ੍ਹੇ ਤੇ ਫੂਕ ਵਾਲੇ। ਦੂਜਾ ਅਰਥ-ਸ਼੍ਰੇਸਟ ਸ਼ਬਦ, ਤਿਤੁ ਘਰਿ-ਉਸ ਹਿਰਦੇ ਰੂਪੀ ਘਰ ਵਿਚ।

ਅਰਥ : ਹੇ ਪ੍ਰਭੂ ਜੀ ! ਉਸ ਭਾਗਾਂ ਵਾਲੇ ਦੇ ਹਿਰਦੇ ਵਿਚ ਨਾਮ ਸਿਮਰਨ ਦੇ ਸ਼੍ਰੇਸਟ ਵਾਜੇ (ਇਲਾਹੀ ਸਾਜ਼) ਵੱਜਦੇ ਹਨ, ਜਿਵੇਂ ਪੰਜ ਕਿਸਮ ਦੇ ਸੁਰੀਲੇ ਸਾਜ਼ਾਂ ਦੀਆਂ ਅਵਾਜ਼ਾਂ ਹੁੰਦੀਆਂ ਹਨ।

ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥

ਪਦ-ਅਰਥ : ਸਭਾਗੈ - ਚੰਗੇ ਭਾਗਾਂ ਵਾਲੇ, ਕਲਾ-ਨਾਮ ਦੀ ਸ਼ਕਤੀ, ਜਿਤੁ-ਜਿਸ, ਧਾਰੀਆਂ-ਟਿਕਾਈ।

ਅਰਥ : ਉਸ ਭਾਗਾਂ ਵਾਲੇ ਹਿਰਦੇ ਵਿਚ ਹੀ ਸ਼੍ਰੇਸਟ ਨਾਮ ਸ਼ਬਦ ਦੇ ਵਾਜੇ ਵੱਜਦੇ ਹਨ, ਜਿਸ ਹਿਰਦੇ ਰੂਪੀ ਘਰ ਵਿਚ ( ਹੇ ਪ੍ਰਭੂ) ਤੁਸਾਂ ਆਪਣੇ ਨਾਮ ਦੀ ਸ਼ਕਤੀ ਟਿਕਾਅ ਕੇ ਰੱਖੀ ਹੈ।

ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥

**ਪਦ-ਅਰਥ :** ਵਸਿ-ਕਾਬੂ, ਕਾਲੁ-ਮੌਤ, ਕੰਟਕੁ-ਕੰਡਾ, ਦੁਖਦਾਇਕ

**ਅਰਥ :** ਹੇ ਅਕਾਲ ਪੁਰਖ ਜੀ ! ਤੁਸਾਂ ਨੇ ਉਸ ਮਨੁੱਖ ਨੂੰ ਗ੍ਰਸ ਰਹੇ ਖਟਕਾ, ਭੈ, ਪੰਜੇ ਵਿਕਾਰ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਆਪਣੇ ਵੱਸ ਵਿਚ ਕਰ ਲਏ ਹਨ ਅਤੇ ਦੁਖਦਾਈ ਕਾਲ ਭਾਵ ਮੌਤ ਦਾ ਖਟਕਾ ਦੂਰ ਕਰ ਦਿੱਤਾ ਹੈ।

ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥

**ਪਦ-ਅਰਥ :** ਕਰਮਿ-ਮਿਹਰ, ਤੁਧੁ-ਤੁਸਾਂ ਨੇ, ਅਕਾਲ ਪੁਰਖ ਨੂੰ ਸੰਬੋਧਨ।

**ਅਰਕ :** ਹੇ ਪ੍ਰਭੂ ਜੀ ! ਕੇਵਲ ਉਹੀ ਮਨੁੱਖ ਹਰੀ ਨਾਮ ਵਿਚ ਜੁੜਦੇ ਹਨ, ਜਿਨ੍ਹਾਂ ਦੇ ਭਾਗਾਂ ਵਿਚ ਤੁਸੀਂ ਧੁਰ ਤੋਂ ਹੀ ਆਪਣੀ ਮਿਹਰ ਦੁਆਰਾ ਨਾਮ ਸਿਮਰਨ ਦੀ ਦਾਤ ਬਖਸ਼ ਦਿੱਤੀ ਹੈ।

ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥

**ਪਦ-ਅਰਥ :** ਅਨਹਦ-ਇਕ ਰਸ ਨਿਰੰਤਰ ਵੱਜਣ ਵਾਲਾ ਆਤਮਿਕ ਮੰਡਲ ਦਾ ਸ਼ਬਦ, ਭਾਵ ਪ੍ਰਭੂ ਨਾਮ ਦੀ ਧੁਨ।

**ਅਰਥ :** ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਤੀਸਰੀ ਜੋਤ ਕਹਿੰਦੇ ਹਨ, ਉਸ ਹਿਰਦੇ ਘਰ ਅੰਦਰ ਹੀ ਆਤਮਿਕ ਰਸ ਸੁੱਖ ਦਾ ਵਾਸਾ ਉਥੇ ਹੀ ਹੋਇਆ ਹੈ ਅਤੇ ਉਸ ਹਿਰਦੇ ਵਿਚ ਹੀ ਨਿਰੰਤਰ ਨਾਮ ਧੁਨ ਦੇ ਵਾਜੇ ਵੱਜਦੇ ਰਹਿੰਦੇ ਹਨ।

**ਭਾਵ ਅਰਥ :** ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਅਨੰਦਬਾਣੀ ਅਨੰਦ ਸਾਹਿਬ ਦੀ ਚੌਥੀ ਪੌੜੀ ਵਿਚ ਸੱਚੇ ਨਾਮ ਨੂੰ ਆਪਣੀ ਆਤਮਾ ਦਾ ਅਧਾਰ ਦੱਸਿਆ ਹੈ। ਜਿਸ ਨਾਮ ਰਸ ਨੇ ਪਦਾਰਥਾਂ ਦੀਆਂ (ਭੌਤਿਕ) ਵਾਸ਼ਨਾਵਾਂ ਮਿਟਾ ਦਿੱਤੀਆਂ ਹਨ। ਇਸ ਪੰਜਵੀਂ ਪੌੜੀ ਵਿਚ ਨਾਮ ਰਸ ਵਿਚ ਲੀਨ ਵਿਅਕਤੀ ਦੇ ਅੰਦਰ ਹਿਰਦੇ ਵਿਚ ਖੁਸ਼ੀਆਂ ਭਰੇ ਸ਼ਬਦ ਦੇ ਵਾਜੇ ਵੱਜਣ ਦਾ ਜ਼ਿਕਰ ਕੀਤਾ ਹੈ। ਗੁਰੂ ਸਾਹਿਬਾਨ ਨੇ ਇਕ ਭਰਮ ਦੂਰ ਕੀਤਾ ਹੈ ਕਿ ਕੰਨਾਂ ਵਿਚ ਘੂੰ-ਘੂੰ ਦੀ ਆਵਾਜ਼ ਸੁਣਨੀ ਜਾਂ ਜਿਵੇਂ ਵਿਕਾਰੀ ਮਨੁੱਖ ਦੇ ਅੰਦਰ ਵਿਕਾਰਾਂ ਭਰੇ ਗੀਤਾਂ ਸਾਜ਼ਾਂ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ, ਇਹ ਅਨਹਦ ਸ਼ਬਦ ਨਹੀਂ ਹੈ। ਅਨਹਦ ਸ਼ਬਦ ਤਾਂ ਗੁਰੂ ਦੁਆਰਾ ਬਖਸ਼ਿਆ ਉਪਦੇਸ਼ ਤੇ ਪ੍ਰਭੂ ਦਾ ਨਾਮ ਹੈ। ਜਿਨ੍ਹਾਂ ਨੇ ਗੁਰੂ ਉਪਦੇਸ਼ਾਂ ਨੂੰ ਸੁਣਿਆ, ਉਨ੍ਹਾਂ ਦੀ ਇਕ ਰਸ ਪ੍ਰਭੂ ਨਾਲ ਸੁਰਤੀ ਜੁੜੀ ਰਹਿੰਦੀ ਹੈ ਤੇ ਅਨੰਦਮਈ ਅਵੱਸਥਾ ਪ੍ਰਾਪਤ ਹੁੰਦੀ ਹੈ।

* * *

ਗੁਰੂ ਸਾਹਿਬ ਜੀ ਅਕਾਲ ਪੁਰਖ ਅੱਗੇ ਬੇਨਤੀ ਕਰਦੇ ਹਨ ਕਿ ਹੇ ਅਕਾਲ ਪੁਰਖ ਜੀ! ਜਿਨ੍ਹਾਂ ਤੇ ਧੁਰੋਂ ਆਪ ਨੇ ਬਖਸ਼ਿਸ਼ ਕੀਤੀ ਹੈ, ਉਹੀ ਵਿਅਕਤੀ ਹੀ ਹਰੀ ਨਾਮ ਵਿਚ ਆਪਣੀ ਸੁਰਤ ਜੋੜਦੇ ਹਨ। ਆਪ ਜੀ ਨੇ ਹੀ ਪੰਜ ਵੈਰੀ, ਉਨ੍ਹਾਂ ਦੇ ਵਸੀਕਾਰ ਕਰ ਦਿੱਤੇ ਹਨ ਅਤੇ ਕਾਲ ਦਾ ਦੁਖਦਾਇਕ ਡਰ ਵੀ ਉਨ੍ਹਾਂ ਦਾ ਮਿਟਾ ਦਿੱਤਾ ਹੈ। ਭਾਵ ਸੱਚ ਮਾਰਗ ਤੇ ਚਲਦਿਆਂ ਵਿਕਾਰਾਂ ਆਦਿਕ ਜਾਂ ਮੌਤ ਦਾ ਡਰ ਵੀ ਉਨ੍ਹਾਂ ਨੂੰ ਡੁਲਾਅ ਨਹੀਂ ਸਕਦਾ। ਉਹ ਕਿਤਨੇ ਭਾਗਾਂ ਵਾਲਾ ਹਿਰਦਾ ਹੈ, ਜਿਸ ਵਿਚ ਪ੍ਰਭੂ ਨੇ ਆਪਣੀ ਕਲਾ ਟਿਕਾਈ ਹੈ ਤੇ ਜਿਸ ਸਦਕਾ ਉਸਨੇ ਕਾਮ, ਕਰੋਧ ਆਦਿ ਵੈਰੀਆਂ ਤੇ ਫਤਹਿ (ਜਿੱਤ) ਪਾ ਲਈ ਹੈ। ਵਧਾਈਆਂ ਦੇ ਵਾਜੇ ਉਸਨੂੰ ਸੁਣਾਈ ਦਿੰਦੇ ਹਨ, ਉਹ ਸੁਭਾਗਾ ਹਿਰਦਾ ਹੈ ਸ੍ਰੀ ਗੁਰੂ ਅਮਰਦਾਸ ਜੀ ਦਾ।

**ਉਦਾਹਰਣ : ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ ॥**
**ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ ॥**
**ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ ॥**
**ਗੁਰ ਅਮਰਦਾਸ ਸਚੁ ਸਲ੍ਯ ਭਣਿ ਤੈ ਦਲੁ ਜਿਤਉ ਇਵ ਜੁਧੁ ਕਰਿ ॥**
**(ਸਵਈਏ ਮਹਲੇ ਤੀਜੇ ਦੇ ੩, ਪੰਨਾ ੧੩੯੬)**

ਭੱਟ ਮਲ੍ਹ ਜੀ ਕਹਿ ਰਹੇ ਹਨ ਕਿ ਹੇ ਸ੍ਰੀ ਗੁਰੂ ਅਮਰਦਾਸ ਜੀ! ਤੁਸੀਂ ਆਪਣੇ ਮਨ ਵਿਚ ਗੁਰ ਸਬਦ ਦਾ ਨੇਜਾ ਗੱਡ ਕੇ ਸਾਰੇ ਡਰਾਂ ਤੋਂ ਰਹਿਤ ਹਰੀ ਪ੍ਰਭੂ ਨਾਲ ਸੁਰਤ ਜੋੜ ਕੇ ਕਾਮ, ਕਰੋਧ ਆਦਿ ਪੰਜਾਂ ਮਹਾਂਬਲੀਆਂ ਨੂੰ ਟੋਟੇ-ਟੋਟੇ ਕਰ ਦਿੱਤਾ ਹੈ। ਹੇ ਸ੍ਰੀ ਤੇਜ ਭਾਨ ਦੇ ਸਪੁੱਤਰ ਜੀਓ, ਤੁਸੀਂ ਭਲਿਆਂ ਦੀ ਕੁਲ ਵਿੱਚ ਸ਼੍ਰੋਮਣੀ ਹੋ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਰ ਨਾਲ ਰਾਜਿਆਂ ਦੇ ਰਾਜੇ ਹੋ। ਤੁਸੀਂ ਗੁਰੂ ਦੇ ਸ਼ਬਦ ਦੀ ਬਰਕਤ ਨਾਲ ਵਿਕਾਰਾਂ ਦੇ ਦਲ ਤੇ ਫਤਹਿ ਪਾਈ ਹੈ। ਜਿਵੇਂ ਕਿ ਇਤਿਹਾਸ ਗਵਾਹ ਹੈ ਕਿ ਗੁਰੂ ਅਮਰਦਾਸ ਜੀ, ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਦੇ ਸਹੁਰੇ ਦੇ ਭਾਈ ਸਨ ਅਤੇ ਉਮਰ ਵਿਚ ਵੱਡੇ ਸਨ। ਫਿਰ ਵੀ ਨਿਮਾਣੇ ਸੇਵਕ ਬਣ ਕੇ ਗੁਰੂ ਸਾਹਿਬ ਜੀ ਦੀ ਬਾਰ੍ਹਾਂ ਸਾਲ ਅਣਥੱਕ ਸੇਵਾ ਕੀਤੀ। ਆਪਣੇ ਮਨ ਵਿਚ ਵੱਡੇ ਹੋਣ ਦਾ ਗੁਮਾਨ ਪੈਦਾ ਨਹੀਂ ਹੋਣ ਦਿੱਤਾ। ਫਿਰ ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਬਾਬਾ ਦਾਤੂ ਜੀ ਨੇ ਸਿੰਘਾਸਨ ਤੇ ਬੈਠੇ ਹੋਇਆਂ ਆ ਕੇ ਲੱਤ ਮਾਰੀ ਤਾਂ ਵੀ ਗੁਰੂ ਅਮਰਦਾਸ ਜੀ ਨੇ ਆਪਣੇ ਮਨ ਵਿਚ ਗੁੱਸਾ (ਕਰੋਧ) ਪੈਦਾ ਨਹੀਂ ਹੋਣ ਦਿੱਤਾ। ਇਸ ਤਰ੍ਹਾਂ ਬਾਕੀ ਸਾਰੇ ਵਿਕਾਰਾਂ ਨੂੰ ਵੀ ਕਾਬੂ ਵਿਚ ਰੱਖਿਆ।

ਇਸ ਪੌੜੀ ਵਿਚ ਗੁਰੂ ਸਾਹਿਬ ਜੀ ਕਹਿ ਰਹੇ ਹਨ ਕਿ ਹੇ ਅਕਾਲ ਪੁਰਖ ਜੀ! ਜਿਨ੍ਹਾਂ ਤੇ ਤੁਸੀਂ ਮੇਹਰ ਕੀਤੀ ਹੈ, ਉਹ ਸੁਭਾਗੇ ਜੀਵ ਤੁਹਾਡੇ ਨਾਮ ਵਿਚ ਜੁੜੇ ਹਨ। ਨਾਮ ਦੀ ਬਰਕਤ ਸਦਕਾ ਉਨ੍ਹਾਂ ਨੇ ਕਾਮ, ਕਰੋਧ ਆਦਿ ਵੈਰੀਆਂ ਤੇ ਫਤਹਿ ਪਾਈ ਹੈ ਤੇ ਖੁਸ਼ੀਆਂ ਭਰੇ ਗੁਰੂ ਸ਼ਬਦ ਦੇ ਅਨਹਦ ਵਾਜੇ ਉਨ੍ਹਾਂ ਅੰਦਰ ਨਿਰੰਤਰ ਵੱਜ ਰਹੇ ਹਨ ਅਤੇ ਸਦਾ ਆਨੰਦ ਹੀ ਆਨੰਦ ਹੈ।

★ ★ ★ ★

# ਜੁਗੋ-ਜੁਗ ਅਟੱਲ

## *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ*

# ਬਾਣੀ ਦੇ ਰਚਿਤਾ

ਦੇ

## *ਦਰਸ਼ਨ ਤੇ ਸੰਖੇਪ ਬਿਓਰਾ*

✸ **6** ਗੁਰੂ ਸਾਹਿਬਾਨ ✸ **15** ਭਗਤ ✸ **11** ਭੱਟ ✸ **4** ਗੁਰਸਿੱਖ

ਆਦਿ ਬੀੜ ਦਾ ਸੰਪਾਦਨ : ਸ੍ਰੀ ਗੁਰੂ ਅਰਜਨ ਦੇਵ ਜੀ

ਲਿਖਾਰੀ : ਭਾਈ ਗੁਰਦਾਸ ਜੀ

ਪਹਿਲਾ ਪ੍ਰਕਾਸ਼ : 16-8-1604 (ਭਾਦਰੋਂ ਸੁਦੀ 1, 1661)
ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ

ਪਹਿਲੇ ਗ੍ਰੰਥੀ : ਬਾਬਾ ਬੁੱਢਾ ਜੀ

ਦਮਦਮੀ ਬੀੜ ਦਾ ਸੰਪਾਦਨ : ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਲਿਖਾਰੀ : ਭਾਈ ਮਨੀ ਸਿੰਘ ਜੀ
ਗੁਰੂ ਕੀ ਕਾਂਸ਼ੀ ਦਮਦਮਾ ਸਾਹਿਬ (ਤਲਵੰਡੀ ਸਾਬੋ)

ਗੁਰਗੱਦੀ : 4-10-1708 (ਕੱਤਕ ਸੁਦੀ 2, 1765)
ਅਬਚਲ ਨਗਰ ਹਜ਼ੂਰ ਸਾਹਿਬ (ਨਾਂਦੇੜ)

ਕੁੱਲ ਸ਼ਬਦ, ਸਲੋਕ, ਛੰਤ : **5871** ਕੁੱਲ ਰਾਗ : **31**

ਕੁੱਲ ਪੰਨੇ : **1430**

ਲਿਪੀ : ਗੁਰਮੁਖੀ ਬੋਲੀ : ਹਿੰਦਵੀ ਉਪਭਾਸ਼ਾਵਾਂ

ਨੋਟ : ਗੁਰੂ ਗ੍ਰੰਥ ਰਤਨਾਵਲੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਕੁੱਲ ਸ਼ਬਦ ਸਲੋਕ, ਛੰਤ 5871 ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ (ਮਹਾਨ ਕੋਸ਼ ਚੌਥੀ ਵਾਰ, 1981, ਪੰਨਾ 437) ਕੁੱਲ ਗਿਣਤੀ 5867 ਦਿੱਤੀ ਹੈ। ਵੇਰਵੇ ਵਿਚ ਕਈ ਥਾਂ ਫ਼ਰਕ ਹੈ। ਇਥੇ ਅਸੀਂ 'ਗੁਰੂ ਗ੍ਰੰਥ ਰਤਨਾਵਲੀ' ਅਨੁਸਾਰ ਹਵਾਲਾ ਦੇ ਰਹੇ ਹਾਂ।

# ਗੁਰਬਾਣੀ ਦੇ ਰਚਿਤਾ



**ਸ੍ਰੀ ਗੁਰੂ ਨਾਨਕ ਦੇਵ ਜੀ (1469-1539)**

ਜਾਤ : ਖੱਤਰੀ
ਦੇਸ਼ : ਪੰਜਾਬ
ਕੁੱਲ ਸ਼ਬਦ : 974



**ਸ੍ਰੀ ਗੁਰੂ ਅੰਗਦ ਦੇਵ ਜੀ (1504-1552)**

ਜਾਤ : ਖੱਤਰੀ
ਦੇਸ਼ : ਪੰਜਾਬ
ਕੁੱਲ ਸ਼ਬਦ : 62



**ਸ੍ਰੀ ਗੁਰੂ ਅਮਰਦਾਸ ਜੀ (1479-1574)**

ਜਾਤ : ਖੱਤਰੀ
ਦੇਸ਼ : ਪੰਜਾਬ
ਕੁੱਲ ਸ਼ਬਦ : 907



**ਸ੍ਰੀ ਗੁਰੂ ਰਾਮਦਾਸ ਜੀ (1534-1581)**

ਜਾਤ : ਖੱਤਰੀ
ਦੇਸ਼ : ਪੰਜਾਬ
ਕੁੱਲ ਸ਼ਬਦ : 679



**ਸ੍ਰੀ ਗੁਰੂ ਅਰਜਨ ਦੇਵ ਜੀ (1563-1606)**

ਜਾਤ : ਖੱਤਰੀ
ਦੇਸ਼ : ਪੰਜਾਬ
ਕੁੱਲ ਸ਼ਬਦ : 2218



**ਸ੍ਰੀ ਗੁਰੂ ਤੇਗ਼ ਬਹਾਦਰ ਜੀ (1621-1675)**

ਜਾਤ : ਖੱਤਰੀ
ਦੇਸ਼ : ਪੰਜਾਬ
ਕੁੱਲ ਸ਼ਬਦ : 115

# ਗੁਰਬਾਣੀ ਦੇ ਰਚਿਤਾ



**ਸ਼ੇਖ਼ ਫ਼ਰੀਦ ਜੀ (1175-1265)**

ਜਾਤ : ਸੱਯਦ ਮੁਸਲਮਾਨ
ਦੇਸ਼ : ਪੰਜਾਬ
ਕੁੱਲ ਸ਼ਬਦ : 116



**ਭਗਤ ਜੈਦੇਵ ਜੀ (1201-1245)**

ਜਾਤ : ਬ੍ਰਾਹਮਣ
ਦੇਸ਼ : ਬੰਗਾਲ
ਕੁੱਲ ਸ਼ਬਦ : 2



**ਭਗਤ ਤ੍ਰਿਲੋਚਨ ਜੀ (1267-1335)**

ਜਾਤ : ਬ੍ਰਾਹਮਣ
ਦੇਸ਼ : ਮਹਾਂਰਾਸ਼ਟਰ
ਕੁੱਲ ਸ਼ਬਦ : 4



**ਭਗਤ ਨਾਮਦੇਵ ਜੀ (1270-1350)**

ਜਾਤ : ਛੀਂਬਾ
ਦੇਸ਼ : ਮਹਾਂਰਾਸ਼ਟਰ
ਕੁੱਲ ਸ਼ਬਦ : 61



**ਭਗਤ ਸਧਨਾ ਜੀ (ਸਮਕਾਲੀ ਨਾਮਦੇਵ)**

ਜਾਤ : ਕਸਾਈ
ਦੇਸ਼ : ਸਿੰਧ
ਕੁੱਲ ਸ਼ਬਦ : 1



**ਭਗਤ ਬੇਣੀ ਜੀ (15ਵੀਂ ਸਦੀ)**

ਜਾਤ : ਬ੍ਰਾਹਮਣ
ਦੇਸ਼ : ਬਿਹਾਰ
ਕੁੱਲ ਸ਼ਬਦ : 3

# ਗੁਰਬਾਣੀ ਦੇ ਰਚਿਤਾ



**ਸੁਆਮੀ ਰਾਮਾਨੰਦ ਜੀ (1366-1467)**

ਜਾਤ : ਬ੍ਰਾਹਮਣ
ਦੇਸ਼ : ਉੱਤਰ ਪ੍ਰਦੇਸ਼
ਕੁੱਲ ਸ਼ਬਦ : 1



**ਭਗਤ ਕਬੀਰ ਜੀ (1398-1495)**

ਜਾਤ : ਜੁਲਾਹਾ
ਦੇਸ਼ : ਉੱਤਰ ਪ੍ਰਦੇਸ਼
ਕੁੱਲ ਸ਼ਬਦ : 541




**ਭਗਤ ਰਵਿਦਾਸ ਜੀ (1399-1514)**

ਜਾਤ : ਚਮਾਰ
ਦੇਸ਼ : ਉੱਤਰ ਪ੍ਰਦੇਸ਼
ਕੁੱਲ ਸ਼ਬਦ : 40



**ਭਗਤ ਪੀਪਾ ਜੀ (ਜਨਮ 1426)**

ਜਾਤ : ਬ੍ਰਾਹਮਣ
ਦੇਸ਼ : ਰਾਜਸਥਾਨ
ਕੁੱਲ ਸ਼ਬਦ : 1



**ਭਗਤ ਸੈਣ ਜੀ (1390-1440)**

ਜਾਤ : ਨਾਈ
ਦੇਸ਼ : ਰੀਵਾਂ
ਕੁੱਲ ਸ਼ਬਦ : 1



**ਭਗਤ ਧੰਨਾ ਜੀ (ਜਨਮ 1415)**

ਜਾਤ : ਜੱਟ
ਦੇਸ਼ : ਰਾਜਸਥਾਨ
ਕੁੱਲ ਸ਼ਬਦ : 3

# ਗੁਰਬਾਣੀ ਦੇ ਰਚਿਤਾ



**ਭਗਤ ਭੀਖਣ ਜੀ (1480-1573)**

ਜਾਤ : ਸੂਫ਼ੀ ਮੁਸਲਮਾਨ
ਦੇਸ਼ : ਉੱਤਰ ਪ੍ਰਦੇਸ਼
ਕੁੱਲ ਸ਼ਬਦ : 2



**ਭਗਤ ਪਰਮਾਨੰਦ ਜੀ (1483-1593)**

ਜਾਤ : ਬ੍ਰਾਹਮਣ
ਦੇਸ਼ : ਮਹਾਂਰਾਸ਼ਟਰ
ਕੁੱਲ ਸ਼ਬਦ : 1



**ਭਗਤ ਸੂਰਦਾਸ ਜੀ ਜੀ (1478-1585)**

ਜਾਤ : ਬ੍ਰਾਹਮਣ
ਦੇਸ਼ : ਪੰਜਾਬ
ਕੁੱਲ ਸ਼ਬਦ : 1



**ਭਾਈ ਮਰਦਾਨਾ ਜੀ (1459 ਈ:)**

ਜਾਤ : ਮਿਰਾਸੀ ਮੁਸਲਮਾਨ
ਦੇਸ਼ : ਪੰਜਾਬ
ਕੁੱਲ ਸ਼ਬਦ : 3



**ਬਾਬਾ ਸੁੰਦਰ ਜੀ (ਗੁਰੂ ਪੋਤਰੇ 1560-1603)**

ਜਾਤ : ਖੱਤਰੀ
ਦੇਸ਼ : ਪੰਜਾਬ
ਕੁੱਲ ਸ਼ਬਦ : 6



**ਰਾਇ ਬਲਵੰਡ ਜੀ (16 ਵੀਂ ਸਦੀ)**

ਜਾਤ : ਰਾਅ ਭੱਟ
ਦੇਸ਼ : ਪੰਜਾਬ
ਕੁੱਲ ਸ਼ਬਦ : 5

# ਗੁਰਬਾਣੀ ਦੇ ਰਚਿਤਾ

**ਭਾਈ ਸੱਤਾ ਜੀ (16 ਵੀਂ ਸਦੀ)**
(ਸਮਕਾਲੀ ਗੁਰੂ)

ਜਾਤ : ਡੂਮ
ਦੇਸ਼ : ਪੰਜਾਬ
ਕੁੱਲ ਸ਼ਬਦ : 3





**ਭੱਟ (ਗੁਰੂ ਘਰ ਦੇ ਨਿਕਟਵਰਤੀ)**

ਭੱਟਾਂ ਦੀ ਬਾਣੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਗਭਗ 20 ਪੰਨੇ ਹਨ। ਸ਼ਬਦਾਂ ਦੀ ਕੁੱਲ ਸੰਖਿਆ 123 ਹੈ, ਜਿਨ੍ਹਾਂ ਵਿੱਚ ਗੁਰੂ ਜੀ ਦੀ ਉਸਤਤ ਕੀਤੀ ਗਈ ਹੈ।

**ਭੱਟਾਂ ਦੇ ਨਾਮ ਹੇਠ ਲਿਖੇ ਅਨੁਸਾਰ ਗਿਆਰਾਂ ਤੇ ਕਿਧਰੇ ਸਤਾਰਾਂ ਮੰਨੇ ਜਾਂਦੇ ਹਨ:-**

1. ਕਲ
2. ਕਲਸਹਾਰ
3. ਟਲ
4. ਜਾਲਪ
5. ਜਲ
6. ਕੀਰਤਿ
7. ਸਲ੍ਯ
8. ਭਲ੍ਯ
9. ਨਲ੍ਯ
10. ਭਿਖਾ
11. ਜਲਨ
12. ਦਾਸ
13. ਗਯੰਦ
14. ਸੇਵਕ
15. ਮਥੁਰਾ
16. ਬਲ੍ਯ
17. ਹਰਿਬੰਸ

# ਆਦਿ ਗੁਰੂ ਗ੍ਰੰਥ ਸਾਹਿਬ

- ਸਰਦਾਰਨੀ ਉੱਤਮਜੀਤ ਕੌਰ

"ਆਦਿ ਗ੍ਰੰਥ ਸਾਹਿਬ" ਵਿਚ ਛੇ ਸਿੱਖ ਗੁਰੂਆਂ ਦੀਆਂ ਰਚਨਾਵਾਂ ਭਾਵ ਉਨ੍ਹਾਂ ਦੀ ਉਚਾਰਨ ਕੀਤੀ ਬਾਣੀ ਹੈ। ਪਹਿਲੇ ਗੁਰੂ ਨਾਨਕ (ਲਗਭਗ ਸਾਰੇ ਗ੍ਰੰਥ ਦਾ ਪੰਜਵਾਂ ਹਿੱਸਾ), ਦੂਜੇ ਗੁਰੂ ਅੰਗਦ (ਕੁਲ 63 ਸ਼ਲੋਕ), ਤੀਜੇ ਗੁਰੂ ਅਮਰਦਾਸ (ਲਗਭਗ ਗ੍ਰੰਥ ਦਾ ਛੇਵਾਂ ਹਿੱਸਾ), ਚੌਥੇ ਗੁਰੂ ਰਾਮਦਾਸ (ਲਗਭਗ ਗ੍ਰੰਥ ਦਾ ਅਠਵਾਂ ਹਿੱਸਾ), ਪੰਜਵੇਂ ਗੁਰੂ ਅਰਜਨ (ਜਿਨ੍ਹਾਂ ਆਦਿ ਗ੍ਰੰਥ ਦਾ ਸੰਪਾਦਨ ਕੀਤਾ, ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਦੇ ਪੰਜਾਂ ਵਿਚੋਂ ਦੋ ਹਿੱਸੇ ਹੈ) ਅਤੇ ਫਿਰ ਨੌਂਵੇਂ ਗੁਰੂ ਤੇਗ ਬਹਾਦਰ (ਉਨ੍ਹਾਂ ਦੇ 115 ਸ਼ਬਦ ਅਤੇ ਸਲੋਕ ਪਿਛੋਂ ਜਾ ਕੇ ਸ਼ਾਮਲ ਕੀਤੇ ਗਏ)।

ਇਸ ਤੋਂ ਬਿਨਾਂ ਆਦਿ ਗ੍ਰੰਥ ਵਿਚ ਸਿੱਖ ਧਰਮ ਦੇ ਵਿਚਾਰ ਧਾਰਕ ਪੂਰਵ-ਗਾਮੀਆਂ ਉਤਰੀ ਹਿੰਦ ਦੇ ਭਗਤ ਕਵੀਆਂ ਦੇ ਸ਼ਬਦ ਤੇ ਸਲੋਕ ਸ਼ਾਮਲ ਹਨ, ਜਿਹੜੇ ਕਿ ਗ੍ਰੰਥ ਦੇ ਦਸਵੇਂ ਹਿੱਸੇ ਤੋਂ ਘਟ ਬਣਦੇ ਹਨ। ਇਨ੍ਹਾਂ ਵਿਚ ਕਬੀਰ ਜੀ ਦੀਆਂ ਰਚਨਾਵਾਂ ਵੀ ਸ਼ਾਮਲ ਹਨ (ਜਿਹੜੀਆਂ ਭਗਤ ਬਾਣੀ ਦੇ ਤੀਜੇ ਹਿੱਸੇ ਤੋਂ ਵੱਧ ਹਨ), ਉਹਨਾਂ ਤੋਂ ਪਿੱਛੋਂ ਹੋਰ ਭਗਤ ਮਹਾਂਪੁਰਸ਼ ਆਂਵਦੇ ਹਨ:- ਨਾਮਦੇਵ, ਰਵਿਦਾਸ, ਤ੍ਰਿਲੋਚਨ, ਜੈਦੇਵ, ਪ੍ਰਮਾਨੰਦ, ਸਧਨਾ, ਬੇਣੀ, ਰਾਮਾਨੰਦ, ਧੱਨਾ, ਪੀਪਾ, ਸੈਨ, ਭੀਖਣ, ਸੂਰਦਾਸ ਅਤੇ ਸ਼ੇਖ਼ ਫ਼ਰੀਦ ਅਤੇ ਕਬੀਰ ਜੀ।

ਆਦਿ ਗ੍ਰੰਥ ਸਾਹਿਬ ਵਿਚ ਛੇ (6) ਗੁਰੂ ਸਾਹਿਬਾਨ, ਪੰਦਰ੍ਹਾਂ (15) ਭਗਤ ਸਾਹਿਬਾਨ, ਯਾਰ੍ਹਾਂ (11) ਭੱਟ ਅਤੇ ਤਿੰਨ (3) ਸਿੱਖਾਂ ਦੀ ਪਵਿੱਤਰ ਰਚਨਾ ਹੈ। ਉਹ ਸਿੱਖ ਬਾਬਾ ਸੁੰਦਰ ਜੀ, ਸਤਾ ਜੀ ਅਤੇ ਬਲਵੰਡ ਜੀ ਸਨ। ਕੁਲ ਪੈਂਤੀ (35) ਮਹਾਂਪੁਰਸ਼ਾਂ ਦੀ ਰਚਿਤ ਬਾਣੀ ਆਦਿ ਗ੍ਰੰਥ ਸਾਹਿਬ ਵਿਚ ਦਰਜ ਹੈ। ਜਿਨ੍ਹਾਂ ਅਗੇ ਅਸੀਂ ਹਰ ਰੋਜ਼ ਨਮਸਕਾਰ ਕਰਦੇ ਹਾਂ। ਉਨ੍ਹਾਂ ਦੀ ਰਚਨਾ ਤੋਂ ਗਿਆਨ ਗ੍ਰਹਿਣ ਕਰਕੇ ਉਨ੍ਹਾਂ ਦੇ ਉਚਾਰੇ ਬਚਨਾਂ ਸਦਕਾ ਹੀ ਦਰਸ਼ਨ ਪ੍ਰਾਪਤ ਕਰਦੇ ਹਾਂ।

'ਆਦਿ ਗ੍ਰੰਥ ਸਾਹਿਬ' ਦੇ ਅਜੋਕੇ ਦਰਸ਼ਨ ਰੂਪ ਵਿਚ ਉਹੀ ਰੂਪ ਕਾਇਮ ਹੈ, ਜਿਹੜਾ ਗੁਰੂ ਅਰਜਨ ਨੇ ਇਸ ਨੂੰ ਦਿਤਾ ਅਤੇ ਜਿਸ ਵਿਚ ਪਿਛੋਂ ਫਿਰ ਗੁਰੂ ਗੋਬਿੰਦ ਸਿੰਘ ਵਲੋਂ ਕੀਤੇ ਵਾਧੇ ਸ਼ਾਮਲ ਹਨ। ਕੋਈ ਬਾਣੀ ਕਿਸ ਥਾਂ ਆਈ ਹੈ, ਇਹ ਉਸ ਦੇ ਸਮੇਂ ਕਾਲ ਜਾਂ ਵਸਤੂ ਜਗ੍ਹਾ ਉਤੇ ਨਿਰਭਰ ਨਹੀਂ, ਸਗੋਂ ਰਾਗਾਂ ਅਨੁਸਾਰ ਮਿਥੀ ਗਈ ਹੈ। ਸਾਰੇ 'ਆਦਿ ਗ੍ਰੰਥ' ਦੀ ਬਣਤਰ ਇਸੇ ਅਨੁਸਾਰ ਹੈ। "ਆਦਿ ਗ੍ਰੰਥ" ਵਿਚ ਹੇਠਾਂ ਲਿਖੇ ਤਕਰੀਬਨ 74 (ਚੌਹੱਤ੍ਰ) ਸਿਰਲੇਖ ਹਨ ਜੋ ਇਸ ਪ੍ਰਕਾਰ ਤੇ ਇਨ੍ਹਾਂ ਨਾਵਾਂ ਨਾਲ ਅੰਕਿਤ ਹਨ :-

ੴ ਸਤਿਗੁਰ ਪ੍ਰਸਾਦਿ, ਆਰਤੀ, ਅਲਾਹਣੀਆਂ, ਅਨੰਦ ਅੰਜਲੀ (ਅੰਜਲੀਆਂ), ਅਸ਼ਟਪਦੀਆਂ, ਇਕ ਤੁਕੇ, ਏਕ ਸੁਆਨ ਕੈ ਘਰਿ ਗਾਵਣਾ, ਸੋਦਰ, ਸੋ ਪੁਰਖੁ, ਸੋਹਿਲਾ, ਸੋਲਹੇ,

ਸੁਧ, ਸੁਧ ਕੀਚੈ, ਸੁਧੰਮ, ਸੁਚਜੀ, ਸਦ, ਸਿਧ ਗੋਸ਼ਟਿ, ਸ਼ਬਦੁ,ਸੁਖਮਨੀ, ਸਲੋਕ, ਸਲੋਕ ਸਹਸਕ੍ਰਿਤੀ, ਸਲੋਕ ਵਾਰਾਂ ਤੇ ਵਧੀਕ, ਸਵੱਯੇ (ਸਵੱਈਏ), ਕੁਚੱਜੀ, ਕਾਫੀ, ਕਰਹਲੇ, ਗੁਣਵੰਤੀ, ਗਾਥਾ, ਘੋੜੀਆਂ, ਘਰ, ਚਉਪਦੇ, ਚਉਤਕੇ, ਚਉਬੋਲੇ, ਛਿਪਦੇ, ਛਿੰਜ, ਛੰਤ (ਛੰਨਤ) ਛਕਾ, ਜਪੁ ਨੀਸਾਣੁ, ਜੁਮਿਲਾ ਜਤਿ, ਡਖਣੇ, ਤਿਪਦੇ, ਤਿਤੁਕੇ, ਥਿਤੀ, ਦੁਪਦੇ, ਦਤੁਕੇ, ਦਿਨ ਰੈਣ, ਦਖਣੀ ਓਅੰਕਾਰੁ, ਦਖਣੀ ਧੁਨਾਂ, ਪਉੜੀ, ਪੰਚਪਦੇ, ਪਹਿਰੇ, ਪੜਤਾਲ, ਪਟੀ ਲਿਖੀ, ਪਦੇ, ਪਟੀ, ਫੁਨਹੇ, ਬਾਵਨ ਅਖਰੀ, ਬਿਰਹੜੇ, ਬਾਰਾਂ ਮਾਂਹ, ਮੰਗਲ, ਮਹਲੁ, ਮੁੰਦਾਵਣੀ, ਯਾਨੜੀਏ ਕੈ ਘਰ ਗਾਵਣਾ, ਰੁਤੀ, ਰਾਗ, ਰਾਗ ਮਾਲਾ, ਰਹੋਏ ਕੇ ਛੰਤ ਕੈ ਘਰ, ੧ਰਹਾਉ, ਲਾਵਾਂ, ਵਾਰ, ਵਾਰ ਸਤ, (ਇਹ ਸਿਰਲੇਖ ਡਾ: ਸੁਰਿੰਦਰ ਸਿੰਘ ਕੋਹਲੀ ਨੇ ਪੰਜਾਬੀ ਸਾਹਿਤ ਦਾ ਇਤਿਹਾਸ ਚੌਥੀ ਛਾਪ 955 ਸਫ਼ੇ 143-144 ਉਪਰ ਦਿਤੇ ਹਨ)

'ਆਦਿ ਗ੍ਰੰਥ' ਵਿਚਲੀ ਬਣਤਰ ਦੀ ਇਕ ਹੋਰ ਵਿਸ਼ੇਸ਼ ਗੱਲ ਇਹ ਹੈ, ਕਿ ਹਰ ਰਾਗ ਵਿਚ ਪਹਿਲਾਂ ਗੁਰੂਆਂ ਦੀ ਬਾਣੀ ਆਂਵਦੀ ਹੈ। ਫਿਰ ਪਿਛੋਂ ਨਾਲ ਹੀ ਭਗਤਾਂ ਦੀ ਜਿਹੜੀ ਛੰਦਾ-ਬੰਦੀ ਦੇ ਹਿਸਾਬ ਲਿਖੀ ਗਈ ਹੈ। ਪਹਿਲੇ ਚਉਪਦੇ ਆਉਂਦੇ ਹਨ, ਫੇਰ ਅਸ਼ਟਪਦੇ ਅਤੇ ਫਿਰ ਬਾਣੀ ਦੇ ਹੋਰ ਰੂਪ। ਇਕੋ ਜਿਹੇ ਰੂਪ ਵਾਲੀਆਂ ਬਾਣੀਆਂ ਪਾਤਸ਼ਾਹੀਆਂ ਅਨੁਸਾਰ ਦਿੱਤੀਆਂ ਗਈਆਂ ਹਨ। ਇਸੀ ਤਰ੍ਹਾਂ ਭਗਤਾਂ ਦੀ ਬਾਣੀ ਵੀ, ਕਬੀਰ, ਨਾਮਦੇਵ, ਰਵੀਦਾਸ ਅਤੇ ਬਾਕੀ ਭਗਤਾਂ ਦੀ ਬਾਣੀ ਦਰਜ ਕੀਤੀ ਗਈ ਹੋਈ ਹੈ।

ਇਹ 'ਆਦਿ ਗ੍ਰੰਥ ਸਾਹਿਬ' ਹੀ ਸੰਸਾਰ ਵਿਚ ਇਕ ਐਸੀ ਮਹਾਨ ਰਚਨਾ ਹੈ, ਜੋ ਕਿ ਗੁਰੂ ਮਹਾਰਾਜ ਪੰਜਵੇਂ ਨਾਨਕ ਦੇ ਰੂਪ ਵਿਚ ਗੁਰੂ ਅਰਜਨ ਜੀ ਨੇ ਆਪੀਂ ਸਾਰੀ ਬਾਣੀ ਸੰਕਲਤ ਕੀਤੀ। ਆਪੀਂ ਉਚਾਰਨ ਕਰਦੇ ਅਤੇ ਭਾਈ ਗੁਰਦਾਸ ਜੀ ਤੋਂ ਲਿਖਵਾਉਂਦੇ ਰਹੇ। ਸਿੱਖ ਧਰਮ ਦੇ ਇਸ ਪਵਿੱਤਰ ਗ੍ਰੰਥ ਨੂੰ ਹੀ ਸਿਰਫ਼ ਇਹ ਮਾਣ ਤੇ ਗੌਰਵ ਅਜ ਤੀਕ ਪ੍ਰਾਪਤ ਹੋ ਸਕਿਆ ਹੈ। ਇਹ 'ਆਦਿ ਗ੍ਰੰਥ' 1604 (ਸੋਲ੍ਹਾਂ ਸੌ ਚਾਰ) ਵਿਚ ਸੰਪੂਰਣ ਹੋਇਆ ਸੀ। ਇਸ ਗ੍ਰੰਥ ਨੂੰ 'ਪਵਿੱਤਰ ਬੀੜ' ਦਾ ਦਰਜਾ ਦੇ ਦਿੱਤਾ ਗਿਆ ਅਤੇ ਉਸ ਤੋਂ ਪਿਛੋਂ ਇਹ ਅਜ ਤੀਕ ਕਿਸੀ ਤਬਦੀਲੀ ਤੋਂ ਬਿਨਾਂ ਰਿਹਾ ਹੈ। ਇਸੀ 'ਪਵਿੱਤਰ ਬੀੜ' ਜਾਂ 'ਆਦਿ ਗ੍ਰੰਥ' ਨੂੰ ਹੀ ਪੰਜਵੇਂ ਸਤਿਗੁਰਾਂ ਨਮਸਕਾਰ ਕੀਤੀ ਤੇ ਦਸਿਆ-'ਪੋਥੀ ਪਰਮੇਸ਼ਵਰ ਕਾ ਥਾਨ'।

ਬੀੜ ਤਿਆਰ ਹੋਣ ਮਗਰੋਂ ਪੰਚਮ ਸਤਿਗੁਰੂ ਸਤਿਕਾਰ ਵਜੋਂ ਇਸ ਬੀੜ ਨੂੰ ਪਲੰਘ ਜਾਂ ਮੰਜੀ ਸਾਹਿਬ ਉਪਰ ਬਿਰਾਜਮਾਨ ਕਰਦੇ ਰਹੇ। ਆਪਣੇ ਸਮੇਂ ਵਿਚ ਤੇ ਆਪੀਂ ਹੇਠਾਂ ਜ਼ਮੀਨ ਉਪਰ ਬਿਛੋਣਾਂ ਕਰ ਕੇ ਬਿਰਾਜਦੇ ਰਹੇ। ਅੰਮ੍ਰਿਤ ਵੇਲੇ ਪਾਲਕੀ ਵਿਚ ਬਿਰਾਜ ਕਰ ਕੇ ਬਾਬਾ ਬੁਢਾ ਜੀ, ਭਾਈ ਗੁਰਦਾਸ ਜੀ ਮੁਖੀ ਸਿੱਖਾਂ ਦੇ ਕੰਧਿਆਂ ਉਪਰ ਇਸ ਪਾਲਕੀ ਪਿਛੇ ਆਪੀਂ ਨੰਗੇ ਚਰਨੀ ਚੌਰ ਕਰਦੇ ਕਰਦੇ ਹਰਿਮੰਦਰ ਪੁਜਦੇ ਰਹੇ। ਇਸ 'ਆਦਿ ਬੀੜ' ਦੀ ਸੇਵਾ ਸੰਭਾਲ ਲਈ ਸਭ ਤੋਂ ਪਹਿਲੇ

ਗ੍ਰੰਥੀ ਸਾਹਿਬ ਆਦਿ ਗੁਰੂ ਜੀ ਤੋਂ ਵਰੋਸਾਏ ਸਿੱਖ ਬਾਬਾ ਬੁੱਢਾ ਜੀ ਬ੍ਰਹਮ ਗਿਆਨੀ ਜੀ ਨੂੰ ਇਹ ਪਵਿੱਤਰ ਡਿਊਟੀ ਤੇ ਜਿੰਮੇਵਾਰੀ ਸੌਂਪੀ ਗਈ। ਗ੍ਰੰਥੀ ਸਿੰਘ ਸਾਹਿਬ ਨੂੰ 'ਗੁਰੂ ਕੇ ਵਜ਼ੀਰ' ਹੋਣ ਦਾ ਮਾਣ ਬਖਸ਼ਿਆ।

'ਆਦਿ ਗ੍ਰੰਥ' ਵਿਚ 31 (ਇਕੱਤੀ) ਰਾਗਾਂ ਦਾ ਤਤਕਰਾ ਦਿੱਤਾ ਹੈ। ਇਨ੍ਹਾਂ ਰਾਗਾਂ ਦੀ ਰਾਗ ਮਾਲਾ ਸਭ ਤੋਂ ਅਖੀਰ ਵਿਚ ਦਿੱਤੀ ਹੋਈ ਹੈ। ਗ੍ਰੰਥ ਦੇ ਪਾਵਨ ਪੰਨੇ 1430 (ਚੌਦਾਂ ਸੌ ਤੀਹ) ਹਨ।

ਆਦਿ ਗ੍ਰੰਥ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮਿਕ ਸਾਹਿਤ ਦਾ ਖਜਾਨਾ ਹੈ। ਜਿਸ ਦੇ ਅਮੋਲਕ ਬਚਨ ਜ਼ਿੰਦਗੀ ਬਖਸ਼ਣ ਵਾਲੇ ਹਨ। ਇਹ ਬਾਣੀ ਸਦੀਆਂ ਤੋਂ, ਭਾਰਤ ਨੂੰ ਗਿਆਨ, ਸ਼ਾਂਤੀ, ਸੁਖ ਤੇ ਸਹਿਜ ਦਾ ਖੇੜਾ ਪ੍ਰਦਾਨ ਕਰਦੀ ਆਈ ਹੈ। ਇਸ ਦੀ ਸਰਬ-ਸਾਂਝੀ ਵਿਚਾਰਧਾਰਾ ਧਰਮਾਂ ਦੀ ਏਕਤਾ ਨੂੰ ਹੀ ਪੱਕਿਆ ਨਹੀਂ ਕਰਦੀ, ਸਗੋਂ ਰਬੀ ਏਕਤਾ ਤੇ ਮਨੁੱਖੀ ਏਕਤਾ ਵਿਚ ਇਕ ਮਹਾਨ ਵਿਸ਼ਵਾਸ ਦ੍ਰਿੜ੍ਹਾ ਕੇ ਸਭ ਨੂੰ ਪ੍ਰੇਮ ਪਿਆਰ ਦਾ ਮਿੱਠਾ ਰੂਹਾਨੀਅਤ ਭਰਿਆ ਪੈਗਾਮ ਤੇ ਸੰਦੇਸ਼ਾ ਦਿੰਦੀ ਹੈ।

ਵੱਖੋ ਵੱਖਰੇ ਅਕੀਦਿਆਂ, ਜਾਤਾਂ ਪਾਤਾਂ ਤੇ ਭਾਸ਼ਾਵਾਂ ਦੇ ਭਿੰਨ-ਭੇਦ ਹੁੰਦਿਆਂ ਅਧਿਆਤਮਿਕ ਏਕਤਾ ਦੇ ਆਧਾਰ ਤੇ ਇਹ ਸਰਬ-ਸਮੇਲਣ ਰਚਨਾ ਇਕ ਮੁੱਢਲੀ ਕਰਾਮਾਤ ਸੀ। ਇਕ ਅਨੋਖਾ ਕ੍ਰਿਸ਼ਮਾ ਸੀ, ਜਿਸ ਰਾਹੀਂ ਗੁਰੂ ਸਾਹਿਬਾਨਾਂ ਨੇ ਪੰਜ ਸਦੀਆਂ ਦੇ ਰਹੱਸਵਾਦੀ ਸੰਤਾਂ, ਸਾਧੂਆਂ, ਦਰਵੇਸ਼ਾਂ, ਫਕੀਰਾਂ ਤੇ ਮਹਾਂ ਪੁਰਸ਼ਾਂ ਦੇ ਮਨੋਹਰ ਬਚਨ ਹੀ ਸੰਚਿਤ ਨਹੀਂ ਕੀਤੇ, ਸਗੋਂ ਇਕ ਸਾਂਝੀ ਵਿਚਾਰਧਾਰਾ, ਸਰਬ ਧਰਮਾਂ ਦੀ ਏਕਤਾ ਨੂੰ ਇਕ ਨਜ਼ਰੀਏ ਤੇ ਲਿਆ ਵਿਖਾਇਆ। 'ਆਦਿ ਗ੍ਰੰਥ ਸਾਹਿਬ' ਦੇ ਸਰਬ ਸਾਂਝੇ ਨਗਮੇ ਨੂੰ ਉੱਚੀ ਸੁੱਚੀ ਸੁਰਤ ਨਾਲ ਸਰਬ ਪੱਖੀ ਅਧਿਐਨ ਰਾਹੀਂ ਹੀ ਸਮਝਿਆ ਜਾ ਸਕਦਾ ਹੈ, ਕਿਉਂ ਜੋ ਇਸ ਦੀ ਸਾਰੀ ਬਾਣੀ ਬੁੱਧੀ ਮੰਡਲ ਤੋਂ ਉਪਰ ਦੀ ਅਨੁਭਵੀ ਚੀਜ਼ ਹੈ :-

**'ਲੋਗ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥'**

ਇਨ੍ਹਾਂ ਮਹਾਂਪੁਰਸ਼ਾਂ ਤੇ ਅਕਾਲ ਪੁਰਖ ਜੀ ਨਾਲ ਇਕਮਿਕ ਹੋਈਆਂ ਦਿੱਬ੍ਯ ਜਯੋਤੀ-ਦੈਵੀ ਰੂਹਾਂ ਨੇ ਅਤੇ ਪੰਚਮ ਸਤਿਗੁਰੂ ਅਰਜਨ ਦੇਵ ਜੀ ਨੇ ਸੰਸਾਰੀ ਜੀਵਾਂ ਉਪਰ ਮਹਾਨ ਪਰਉਪਕਾਰ ਕੀਤਾ, ਇਸ ਬ੍ਰਹਮ ਗਿਆਨ ਨੂੰ ਸੰਕਲਿਤ ਕਰਕੇ 'ਆਦਿ ਗ੍ਰੰਥ' ਰਾਹੀਂ ਗੁਪਤੀ ਬਾਣੀ ਨੂੰ ਜ਼ਾਹਿਰਾ ਸ਼ਬਦ ਵਿਚ ਪ੍ਰਗਟ ਕਰ ਕੇ ਸੰਸਾਰ ਨੂੰ :-

**'ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥'**

ਐਸਾ ਗਾਡੀ ਰਾਹ ਲਭ ਸੱਕਣ ਦੀ ਜੀਵਨ ਜਾਚ ਬਖਸ਼ ਦਿੱਤੀ।

# ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤਿ

- ਡਾ: ਜਸਵੰਤ ਸਿੰਘ ਨੇਕੀ

ਗੁਰੂ ਗ੍ਰੰਥ ਸਾਹਿਬ ਨੂੰ ਅਰਦਾਸ ਵਿਚ 'ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤਿ' ਆਖ ਕੇ ਅਭਿਨੰਦਨ ਦਿੱਤਾ ਗਿਆ ਹੈ। ਇਹ ਆਤਮਕ ਜੋਤਿ ਦਰ-ਅਸਲ ਉਸੇ ਇਲਾਹੀ ਸ਼ਬਦ ਨੂੰ ਕਿਹਾ ਗਿਆ ਹੈ ਜੋ ਸਤਿਗੁਰਾਂ ਦੇ ਪਾਵਨ ਹਿਰਦੇ ਵਿਚ ਉਤਰਿਆ ਤੇ ਉਹਨਾਂ ਰਾਹੀਂ ਸੰਸਾਰ ਤੇ ਪਰਗਟ ਹੋਇਆ। ਇਸ ਦੇ ਪਰਗਟ ਰੂਪ ਅਥਵਾ ਬਾਣੀ ਨੂੰ ਇਲਾਹੀ ਦੇਣ ਜਾਣ, ਸਤਿਗੁਰੂ ਆਪਣੀ ਜਾਨ ਨਾਲੋਂ ਵੀ ਪਿਆਰਾ ਕਰ ਸਾਂਭਦੇ ਰਹੇ।

ਸਤਿਗੁਰ ਨਾਨਕ ਦੇਵ ਜੀ ਜਦੋਂ ਮੱਕੇ ਸ਼ਰੀਫ਼ ਗਏ, ਤਾਂ ਜਾਪਦਾ ਹੈ, ਦੈਵੀ ਰਚਨਾ ਦੀ ਆਪਣੀ ਪੁਸਤਕ ਉਹਨਾਂ ਕੱਛੇ ਮਾਰੀ ਹੋਈ ਸੀ। ਗ਼ਾਲਬਨ ਇਸੇ ਪੋਥੀ ਵਲ ਹਾਜੀਆਂ ਇਸ਼ਾਰਾ ਕੀਤਾ ਤੇ ਗੁਰੂ ਜੀ ਨੂੰ ਪੁੱਛਿਆ, "ਕਿਰਪਾ ਕਰ ਕੇ ਆਪਣੀ ਕਿਤਾਬ ਖੋਲ੍ਹੋ ਤੇ ਸਾਨੂੰ ਦੱਸੋ, ਹਿੰਦੂ ਧਰਮ ਵੱਡਾ ਹੈ ਕਿ ਇਸਲਾਮ ?"

ਭਾਈ ਬਾਲੇ ਵਾਲੀ ਜਨਮਸਾਖੀ ਅਨੁਸਾਰ ਆਪਣੀ ਇਹ ਪੋਥੀ ਗੁਰੂ ਬਾਬੇ ਨੇ ਆਪ ਗੁਰੂ ਅੰਗਦ ਸਾਹਿਬ ਦੇ ਹਵਾਲੇ ਕੀਤੀ ਤੇ ਅੱਗੋਂ ਉਹਨਾਂ ਆਪਣੀਆਂ ਰਚਨਾਵਾਂ ਸਣੇ, ਇਹ ਪੋਥੀ ਗੁਰੂ ਅਮਰਦਾਸ ਸਾਹਿਬ ਦੇ ਸਪੁਰਦ ਕੀਤੀ ਜਾਪਦੀ ਹੈ। ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਸਮਾਉਣ ਮਗਰੋਂ ਇਹ ਪੋਥੀਆਂ ਸਣੇ ਗੁਰੂ ਜੀ ਦੀਆਂ ਆਪਣੀਆਂ ਪੋਥੀਆਂ ਦੇ ਉਹਨਾਂ ਦੇ ਜੇਠੇ ਸਪੁੱਤਰ ਬਾਬਾ ਮੋਹਨ ਜੀ ਪਾਸ ਚਲੀਆਂ ਗਈਆਂ।

ਬਾਬਾ ਮੋਹਨ ਜੀ ਪਾਸੋਂ ਇਹ ਪੋਥੀਆਂ ਗੁਰੂ ਅਰਜਨ ਦੇਵ ਜੀ ਨੇ ਸੰਮਤ 1660 ਵਿਚ ਪ੍ਰਾਪਤ ਕੀਤੀਆਂ ਤੇ ਸਣੇ ਆਪਣੇ ਪਿਤਾ ਗੁਰੂ ਰਾਮਦਾਸ ਜੀ ਦੀ ਤੇ ਆਪਣੀ ਰਚਨਾ ਦੇ ਸਾਰੀ ਬਾਣੀ ਨੂੰ ਇਕਥੇ ਇਕ ਜਿਲਦ ਵਿਚ ਇਕੱਠਿਆਂ ਕਰਵਾਇਆ। ਇਹ ਕਾਰਜ ਗੁਰੂ ਜੀ ਦੀ ਨਿਗਰਾਨੀ ਹੇਠ ਭਾਈ ਗੁਰਦਾਸ ਜੀ ਨੇ ਰਾਮਸਰ (ਅੰਮ੍ਰਿਤਸਰ) ਦੇ ਕਿਨਾਰੇ ਬੈਠ ਕੇ ਲਗਾਤਾਰ ਮੇਹਨਤ ਨਾਲ ਮੁਕੰਮਲ ਕੀਤਾ। ਬੀੜ ਦੇ ਸੰਪੂਰਨ ਹੋਣ ਤੇ ਗੁਰੂ ਜੀ ਨੇ ਇਸ ਨੂੰ ਹਰਿਮੰਦਰ ਸਾਹਿਬ ਵਿਚ ਸਥਾਪਿਤ ਕੀਤਾ ਤੇ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪਿਆ। ਉਸੇ ਦਿਨ ਸਤਿਗੁਰਾਂ ਸੰਗਤ ਅੱਗੇ 'ਪੋਥੀ ਸਾਹਿਬ' ਤੋਂ ਕਥਾ ਵੀ ਕੀਤੀ। ਇਕ ਮੁਖ ਗੱਲ ਜੋ ਉਹਨਾਂ ਸੰਗਤਾਂ ਸਾਹਮਣੇ ਰੱਖੀ, ਇਸ ਪ੍ਰਕਾਰ ਸੀ :

"ਮੇਰਾ ਸਰੀਰ ਇਕ ਸਮੇਂ ਇਕੋ ਥਾਂ ਰਹਿੰਦਾ ਹੈ, ਹੋਰਥੇ ਤਾਂ ਇਸ ਦੇ ਦਰਸ਼ਨ ਨਹੀਂ ਹੋ ਸਕਦੇ। ਇਸ ਲਈ ਤੁਸੀਂ ਇਸ ਗ੍ਰੰਥ ਨੂੰ ਗੁਰੂ ਦਾ ਹਿਰਦਾ ਜਾਣ ਕੇ (ਸਤਿਕਾਰਨਾ)। ਕਿਉਂਜੁ ਇਹ ਗੁਰੂ ਹਰ ਸਮੇਂ ਰਹਿਣ ਵਾਲੇ ਹਨ ਇਸ ਲਈ ਇਹਨਾਂ ਉਪਰ ਵਿਸ਼ਵਾਸ਼ ਉੱਤਮ ਹੈ। ਮੇਰੇ ਸਰੂਪ (ਦੇਹ) ਤੋਂ ਇਹਨਾਂ ਨੂੰ ਵੱਡਾ ਕਰ ਕੇ ਜਾਣਨਾ। ਮੈਂ ਆਪ ਇਹਨਾਂ ਦਾ ਆਦਰ ਕਰਦਾ ਹਾਂ।"

ਫਿਰ ਜਿੱਚਰ ਮਹਾਰਾਜ ਦਾ ਪੰਜ-ਭੌਤਕ ਚੋਲਾ ਰਿਹਾ, ਆਪ 'ਪੋਥੀ ਸਾਹਿਬ' ਨੂੰ ਪੀੜ੍ਹੇ ਉਪਰ ਸਥਾਨ ਦੇਂਦੇ ਤੇ ਆਪ ਅਦਬ ਵਜੋਂ ਕੋਲ ਭੁੰਞੇ ਨੀਵੀਂ ਥਾਂ ਸੌਂਦੇ ਰਹੇ।

ਇਉਂ ਗੁਰੂ ਗ੍ਰੰਥ ਸਾਹਿਬ ਨੂੰ ਇਕ ਤਰ੍ਹਾਂ ਨਾਲ ਗੁਰਤਾ ਤਾਂ ਓਦੋਂ ਹੀ ਪ੍ਰਾਪਤ ਹੋ ਗਈ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਪਾਵਨ ਬੀੜ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਿਲ ਕਰ ਕੇ ਇਸ ਨੂੰ ਮੌਜੂਦਾ ਰੂਪ ਦਿੱਤਾ। ਫਿਰ ਜੋਤੀ-ਜੋਤਿ ਸਮਾਉਣ ਸਮੇਂ ਉਹਨਾਂ ਨਿਯਮਿਤ ਢੰਗ ਨਾਲ ਗੁਰਤਾ ਦੀ ਮੁਹਰ ਕਿਸੇ ਦੇਹਧਾਰੀ ਜਾਨਸ਼ੀਨ ਦੀ ਥਾ 'ਸ਼ਬਦ ਗੁਰੂ' ਤੇ ਲਾ ਕੇ ਦੇਹਧਾਰੀ ਗੁਰਤਾ ਦਾ ਸਿਲਸਿਲਾ ਸਮਾਪਤ ਕਰ ਦਿੱਤਾ।

ਇਸ ਦੇ ਬਾਵਜੂਦ, ਕੁਝ ਸੰਪ੍ਰਦਾਵਾਂ (ਜਿਹਾ ਕਿ ਨਾਮਧਾਰੀ, ਨਿਰੰਕਾਰੀ ਆਦਿ) ਅਜਿਹੀਆਂ ਹਨ ਜੋ ਅਗਿਆਨ-ਵੱਸ ਹਾਲੇ ਵੀ ਦੇਹ-ਧਾਰੀ ਗੁਰੂ ਨੂੰ ਪਰਵਾਨ ਕਰਦੀਆਂ ਹਨ ਤੇ ਗੁਰਤਾ ਦਾ ਸਿਲਸਿਲਾ ਦਸਮ ਪਾਤਸ਼ਾਹ ਨਾਲ ਖ਼ਤਮ ਹੋਇਆ ਨਹੀਂ ਮੰਨਦੀਆਂ। ਇਸ ਲਈ ਉਹ ਗੁਰੂ ਗੋਬਿੰਦ ਸਿੰਘ ਜੀ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਗੁਰੂ ਟਿੱਕੇ ਜਾਣ ਨੂੰ ਪਰਵਾਨ ਨਹੀਂ ਕਰਦੀਆਂ, ਹਾਲਾਂ ਕਿ ਭਰੋਸੇ ਯੋਗ ਸਮਕਾਲੀ ਲਿਖਤੀ ਸਬੂਤ ਇਸ ਤੱਥ ਦੇ ਮੌਜੂਦ ਹਨ। ਇਹਨਾਂ ਵਿਚੋਂ ਸਭ ਤੋਂ ਪਰਮਾਣਿਕ ਦਸਤਾਵੇਜ਼ ਭੱਟ-ਵਹੀਆ ਦੀ ਹੈ।'

ਭੱਟ ਨਰਬਦ ਸਿੰਘ, ਪੁੱਤਰ ਕੇਸੋ ਸਿੰਘ (ਜੋ ਭਾਈ ਭੀਖੇ ਦੀ ਬੰਸਾਵਲੀ ਵਿਚੋਂ ਸੀ) 6 ਅਕਤੂਬਰ 1708 ਈਸਵੀ ਨੂੰ ਆਪਣੀ ਵਹੀ ਵਿਚ ਇਉਂ ਲਿਖਦਾ ਹੈ :

"ਗੁਰੂ ਗੋਬਿੰਦ ਸਿੰਘ ਜੀ ਮਹਿਲ ਦਸਵਾਂ ਬੇਟਾ ਗੁਰੂ ਤੇਗ ਬਹਾਦਰ ਜੀ ਕਾ ਪੋਤਾ ਗੁਰੂ ਹਰਗੋਬਿੰਦ ਜੀ ਕਾ, ਪਰਪੋਤਾ ਗੁਰੂ ਅਰਜਨ ਦੇਵ ਜੀ ਕਾ, ਬੰਸ ਗੁਰੂ ਰਾਮ ਦਾਸ ਜੀ ਕੀ, ਸੂਰਜ ਬੰਸੀ ਗੋਸਲ ਗੋਤਰ ਸੋਢੀ ਖਤਰੀ, ਬਾਸੀ ਅਨੰਦਪੁਰ ਪਰਗਨਾ ਕਹਿਲੂਰ ਮੁਕਾਮ ਨਾਂਦੇੜ, ਤਟ ਗੁਦਾਵਰੀ ਦੇਸ ਦੱਖਣ ਸੰਮਤ ਸਤਾਰਾਂ ਸੈ ਪੈਸਠ ਕਾਤਿਕ ਮਾਸ ਕੀ ਚੌਥ ਸ਼ੁਕਲ ਪਖੇ ਬੁਧਵਾਰ ਕੇ ਦਿਹੁੰ ਭਾਈ ਦਯਾ ਸਿੰਘ ਸੇ ਬਚਨ ਹੋਇਆ ਸ੍ਰੀ ਗ੍ਰੰਥ ਸਾਹਿਬ ਲੈ ਆਓ। ਬਚਨ ਪਾਇ ਦਯਾ ਸਿੰਘ ਸ੍ਰੀ ਗ੍ਰੰਥ ਸਾਹਿਬ ਲੈ ਆਏ। ਗੁਰੂ ਜੀ ਨੇ ਪੰਜ ਪੈਸੇ ਨਾਰੀਅਲ ਅੱਗੇ ਭੇਟਾ ਰੱਖ ਮੱਥਾ ਟੇਕਿਆ, ਸਰਬਤ ਸੰਗਤ ਸੇ ਕਹਾ ਮੇਰਾ ਹੁਕਮ ਹੈ ਮੇਰੀ ਜਗਹ ਸ੍ਰੀ ਗ੍ਰੰਥ ਜੀ ਕੋ ਜਾਨਣਾ। ਜੋ ਸਿਖ ਜਾਣੇਗਾ ਤਿਸ ਕੀ ਘਾਲ ਥਾਇ ਪਏਗੀ। ਗੁਰੂ ਉਸ ਕੀ ਬਹੁੜੀ ਕਰੇਗਾ। ਸਤਿ ਕਰ ਮਾਨਣਾ।"

ਭੱਟ ਵਹੀਆਂ ਤੋਂ ਛੁੱਟ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਦਿੱਤੇ ਜਾਣ ਤੇ ਦੇਹ ਧਾਰੀ ਗੁਰਤਾ ਦੀ ਸਮਾਪਤੀ ਦਾ ਪ੍ਰਮਾਣ ਹੋਰ ਇਤਿਹਾਸਕ ਸ੍ਰੋਤਾਂ ਤੋਂ ਭੀ ਪ੍ਰਾਪਤ ਹੈ। ਮਾਤਾ ਸੁੰਦਰੀ ਜੀ ਦੇ ਇਕ ਹੁਕਮਨਾਮੇ ਵਿਚ ਲਿਖਿਆ ਹੈ :

"੧ਓ ਵਾਹਿਗੁਰੂ ਜੀ ਕੀ ਫਤਹ। ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਯਕਰੰਗ ਜਿਨ੍ਹਾਂ ਡਿਠਿਆਂ ਵਾਹਿਗੁਰੂ ਚਿਤ ਆਵੈ.... ਸਰਬਤ ਖਾਲਸਾ ਵਾਹਿਗੁਰੂ ਅਕਾਲ ਪੁਰਖ ਕਾ ਵਾਹਿਗੁਰੂ ਜੀ ਕੀ ਫਤਹ ਵਾਚਣੀ। ਵਾਹਿਗੁਰੂ ਅਕਾਲ ਪੁਰਖ ਜੀ ਹਰਦਮ ਚਿੱਤ ਆਵੈ, ਸੁਖ ਹੋਏ, ਖਾਲਸਾ ਜੀ ਕਾ ਬੋਲ ਬਾਲਾ ਹੋਏ .... ਗੁਰੂ ਗੁਰੂ ਜਪਣਾ, ਵਾਹਿਗੁਰੂ ਅੰਗ ਸੰਗ ਹੋਏ। ਫਜ਼ਲ ਕਰ ਕੇ ਰਖਿਆ ਹੋਵੇਗੀ।.... ਖਾਲਸਾ ਸ੍ਰੀ ਵਾਹਿਗੁਰੂ ਜੀ ਕਾ ਸੁਚੇਤ ਬਿਬੇਕ ਬੁਧ ਚਾਹੀਏ ਜੋ ਸਿਵਾਏ ਅਕਾਲ ਪੁਰਖ ਦੂਜੇ ਨੋ ਜਾਨੈ ਨਾਹੀ। ਦਸਮ ਪਾਤਸਾਹੀਆਂ ਤਕ ਜਾਮੇ ਪੈਧੇ। ਯਾਰਵੀਂ ਬਾਰਵੀਂ ਬੰਦਾ ਚੌਬੰਦਾ

ਅਜੀਤਾ ਵਗੈਰਾ ਤੇ ਇਤਕਾਦ ਲੈ ਆਵਨਾ ਹੱਤਿਆ ਹੈ। ਹੋਰ ਹਤਿਆ ਗੁਰੂ ਜਪਣ ਨਾਲ ਦੂਰ ਹੋਸਣ ਪਰ ਇਹ ਹਤਿਆ ਗੁਨਾਹ ਬਖਸੀਐਗਾ ਨਹੀ ਜੋ ਮਨੁਖ ਕੇ ਜਾਮੇ ਉਪਰ ਏਤਕਾਦ ਕਰੇਂਗੇ।... ਖ਼ਾਲਸਾ ਜੀ ਤੁਸਾਂ ਸਿਵਾਏ ਅਕਾਲ ਦੂਜੈ ਨੋ ਮੰਨਣਾ ਨਾਹੀ। ਸਬਦ ਦਸਵੀਂ ਪਾਤਸਾਹੀ ਤਕ ਖੋਜਣਾ। 'ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ।' ਗੁਰੂ ਕਾ ਨਿਵਸ ਸਬਦ ਵਿਚ ਹੈ। 'ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ।' 'ਜੀਆਂ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ।' ਵਾਹਿਗੁਰੂ ਜੀ ਕੀ ਫਤਹ।..''

ਹੋਰ ਵੀ ਕਈ ਪ੍ਰਮਾਣ ਮਿਲਦੇ ਹਨ, ਜਿਹਾ ਕਿ ਰਹਿਤਨਾਮਿਆਂ ਵਿਚ ਤੇ ਦੇਵ ਰਾਜ ਸ਼ਰਮਾ ਰਚਿਤ 'ਨਾਟਕ ਚੰਦ੍ਰੋਦਯ ਮਹਾਕਾਵਿਐਂ' ਨਾਮਕ ਪੁਰਾਤਨ ਸੰਸਕ੍ਰਿਤ ਪੁਸਤਕ ਦੇ ਖਰੜੇ ਵਿੱਚ ਪ੍ਰਾਪਤ ਹਨ। ਐਸੇ ਅਕੱਟ ਲਿਖਤੀ ਇਤਿਹਾਸਕ ਪ੍ਰਮਾਣਾਂ ਦੇ ਹੁੰਦਿਆਂ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਤੋਂ ਇਨਕਾਰ, ਜੇਕਰ ਅਗਿਆਨ ਨਹੀਂ ਤਾਂ ਹੋਰ ਕੀ ਹੈ?

ਵਿਸ਼ਵ ਦੀਆਂ ਦੂਜੀਆਂ ਪ੍ਰਮਾਣਿਕ ਧਰਮ-ਪੁਸਤਕਾਂ ਦੇ ਟਾਕਰੇ ਗੁਰੂ ਗ੍ਰੰਥ ਸਾਹਿਬ ਵਿਚ ਕਈ ਪੱਖਾਂ ਤੋਂ ਸਿਰਮੌਰਤਾ ਨਜ਼ਰ ਆਉਂਦੀ ਹੈ: (1) ਇਹ ਇਕੋ ਇਕ ਧਰਮ-ਪੁਸਤਕ ਹੈ ਜਿਸ ਵਿਚ ਧਾਰਮਕ ਆਗੂਆਂ ਦੀ ਰਚਨਾ ਮੌਲਕ ਰੂਪ ਵਿਚ ਮੌਜੂਦ ਹੈ, (2) ਇਹ ਮਹਾਨ ਪੁਸਤਕ ਕੇਵਲ ਅਕਾਲ ਪੁਰਖ ਦੀ ਅਰਾਧਨਾ ਤੇ ਸਿਫ਼ਤ-ਸਨਾ ਨਾਲ ਭਰਪੂਰ ਹੈ, ਤਵਾਰੀਖੀ ਘਟਨਾਵਾਂ ਜਾਂ ਜੀਵਨ ਬਿਤ੍ਰਾਂਤ ਇਸ ਦਾ ਵਿਸ਼ਾ ਨਹੀਂ, ਤੇ ਨ ਹੀ ਇਹ ਕੋਈ ਹਿਦਾਇਤਨਾਮਾ ਜਾਂ ਰਹਿਤਨਾਮਾ ਹੀ ਹੈ, (3) ਦੈਵੀ ਪ੍ਰਾਪਤੀ ਦੇ ਅੰਤਮ ਵਿਕਾਸ ਦੇ ਨੁਕਤੇ ਤੋਂ ਵਾਚਿਆਂ ਇਸ ਪੁਸਤਕ ਵਿਚਲੀ ਅਧਿਆਤਮਕ ਦ੍ਰਿਸ਼ਟੀ ਸ਼ਬਦ ਨਾਲ ਪੂਰੀ ਤਰ੍ਹਾਂ ਇਕਸੁਰ ਹੈ, (4) ਇਹ ਇਕ ਸਰਬ-ਸਾਂਝੀ ਪੁਸਤਕ ਹੈ ਜਿਸ ਅੱਗੇ ਹਿੰਦੂ, ਮੁਸਲਮਾਨ, ਸਿਖ ਸਭ ਸਿਰ ਝੁਕਾ ਸਕਦੇ ਹਨ, (5) ਇਸ ਪੁਸਤਕ ਅੱਗੇ ਸਿਰ ਝੁਕਾਣ ਵਾਲੇ 'ਚੋਂ ਉਚ-ਨੀਚ ਦਾ ਅਭਿਮਾਨ ਸਹਿਜੇ ਹੀ ਝੜਨ ਲਗਦਾ ਹੈ। ਇਸ ਲਈ ਜੇਕਰ ਇਹ ਕਿਹਾ ਜਾਵੇ ਕਿ ਇਹ ਗ੍ਰੰਥ ਧਰਮ-ਗ੍ਰੰਥਾਂ ਦੀ ਸਫ਼ ਵਿਚੋਂ ਅੱਵਲ ਹੈ ਤਾਂ ਇਹ ਵਾਕ ਅਤਿਕਥਨੀ ਨਹੀਂ ਗਰਦਾਨਿਆ ਜਾਵੇਗਾ। ਇਸ ਪੁਸਤਕ ਦਾ 'ਆਦਿ ਗ੍ਰੰਥ' ਨਾਮ, ਜਾਪਦਾ ਹੈ, ਇਸ ਪੱਖੋਂ ਵੀ ਉਚਿਤ ਹੈ।

ਇਸ ਵਿਚਲੀ ਬਾਣੀ ਦੇ ਰਚੈਤਾ ਕੇਵਲ ਪੰਜਾਬ ਵਿਚੋਂ ਹੀ ਨਹੀਂ ਸਨ, ਸਾਰੇ ਹਿੰਦੁਸਤਾਨ 'ਚੋਂ ਚੁਣੇ ਗਏ ਸਨ। ਉਹ ਕੇਵਲ ਸਤਿਗੁਰਾਂ ਦੇ ਸਮਕਾਲੀ ਨਹੀਂ ਸਲ, ਪੂਰੀਆਂ ਪੰਜ ਸਦੀਆਂ ਦੀ ਅਧਿਆਤਮਕ ਪੁਨਰ-ਜਾਗ੍ਰਤੀ ਦੇ ਪ੍ਰਤਿਨਿਧ ਸਨ। ਇਉਂ ਇਸ ਧਰਮ-ਗ੍ਰੰਥ ਦੀ ਮਹਾਨਤਾ ਇਕ ਤਰ੍ਹਾਂ ਦੀ ਭੂਗੋਲਤ ਤੇ ਇਤਿਹਾਸਕ ਮਹਾਨਤਾ ਸਮੇਟੀ ਬੈਠੀ ਹੈ।

ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰ ਸਿਖ ਗੁਰਦੁਆਰੇ ਵਿਚ ਹੁੰਦਾ ਹੈ। ਉਥੇ ਆਵਣ ਵਾਲੇ ਸ਼ਰਧਾਵਾਨ ਸਾਰੇ ਆਪ ਅੱਗੇ ਆ ਕੇ ਮੱਥਾ ਟੇਕਦੇ ਤੇ ਸਤਿਕਾਰ ਕਰਦੇ ਹਨ। ਆਪ ਵਲ ਪਿੱਠ ਨਹੀਂ ਕਰਦੇ, ਆਪ ਵਲ ਪੈਰ ਨਹੀਂ ਪਸਾਰਦੇ, ਆਪ ਦੀ ਹਜ਼ੂਰੀ ਵਿਚ ਸਿਰੋਂ ਨੰਗੇ ਹੀਂ ਬੈਠਦੇ- ਕਿਉਂਕਿ ਇਹ ਸਭ ਬੇਅਦਬੀ ਦੇ ਚਿੰਨ੍ਹ ਮੰਨੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਨੂੰ ਚੰਵਰ-ਤਖ਼ਤ ਦਾ ਮਾਲਕ ਕਿਹਾ ਜਾਂਦਾ ਹੈ। ਇਹਨਾਂ ਦਾ ਆਸਣ ਤਖ਼ਤ ਉਪਰ, ਅਥਵਾ, ਸਭ ਤੋਂ ਉੱਚੀ ਥਾਂ ਤੇ ਕੀਤਾ

ਜਾਂਦਾ ਹੈ, ਉਪਰ ਚੰਦੋਆ ਤਾਣਿਆ ਜਾਂਦਾ ਹੈ, ਤੇ ਇਕ ਚੌਰ-ਬਰਦਾਰ ਸੇਵਾ ਵਿਚ ਰਹਿੰਦਾ ਹੈ। ਇਹ ਪਾਤਸ਼ਾਹੀ ਦੇ ਚਿੰਨ੍ਹ ਹਨ, ਜੋ ਸਤਿਗੁਰਾਂ ਵੇਲੇ ਤੋਂ ਗੁਰੂ ਗ੍ਰੰਥ ਸਾਹਿਬ ਲਈ ਕਾਇਮ ਰਖੇ ਗਏ ਹਨ।

ਗੁਰਦੁਆਰਿਆਂ ਵਿਚ ਅਰਦਾਸ ਵੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਹੀ ਹੁੰਦੀ ਹੈ। ਅਰਦਾਸ ਤੋਂ ਮਗਰੋਂ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ 'ਹੁਕਮਨਾਮਾ' ਲਿਆ ਜਾਂਦਾ ਹੈ, ਜੋ ਉਸ ਦਿਨ ਲਈ ਸਾਰੇ ਸੁਣਨਹਾਰਿਆਂ ਦੀ ਆਤਮਕ ਅਗਵਾਈ ਕਰਦਾ ਹੈ।

ਇਉਂ ਗੁਰੂ ਗ੍ਰੰਥ ਸਾਹਿਬ ਦੀ ਸਦੀਵੀ ਹਕੂਮਤ ਸਿੱਖ ਮਨਾਂ ਉਪਰ ਅੰਕਿਤ ਹੈ। ਸਿੱਖ ਧਰਮ ਵਿਚ ਇਸ ਅਦੁੱਤੀ ਧਰਮ-ਪੁਸਤਕ ਨੂੰ ਜੋ ਸਤਿਕਾਰ ਹਾਸਲ ਹੈ, ਉਹ ਇਸ ਵਿਚਲੀ ਬਾਣੀ ਦਾ ਸਤਿਕਾਰ ਹੈ, ਨ ਕਿ ਪੁਸਤਕ ਦੇ ਭੌਤਕ ਆਕਾਰ ਦਾ। ਜੋ ਇਸ ਵਿਚਲੇ ਸ਼ਬਦ ਨਾਲ ਨਹੀਂ ਜੁੜੇ ਤੇ ਕੇਵਲ ਰੁਮਾਲੇ ਚੁਕ ਕੇ ਇਸ ਦਾ 'ਦਰਸ਼ਨ' ਕਰਦੇ ਹਨ, ਗੁਰਮਤਿ ਤੋਂ ਵਾਂਝੇ ਹਨ। ਗੁਰੂ ਗ੍ਰੰਥ ਸਾਹਿਬ ਦਾ ਦੀਦਾਰ ਤਾਂ ''ਪਾਠ-ਦੀਦਾਰ'' ਹੈ ਤੇ ਅਰਦਾਸ ਵਿਚ ਇਸੇ ਪਾਠ ਦੀਦਾਰ ਦਾ ਆਦੇਸ਼ ਹੈ। ਗੁਰਤਾ ਪੁਸਤਕ ਦੀ ਨਹੀਂ, ਪੁਸਤਕ ਵਿਚਲੇ ਸ਼ਬਦ ਦੀ ਹੈ-ਸ਼ਬਦ, ਜੋ ਸਤਿਗੁਰਾਂ ਦੇ ਆਪ ਡਿੱਠੇ ਅਨੁਭਵ ਦਾ ਸਾਖੀ ਹੈ। ਬਾਣੀ ਰੂਪ ਹੋਏ ਗੁਰੂ ਅਨੁਭਵ ਸ਼ਬਦ ਦੀ ਉਪਾਸ਼ਨਾ ਹੀ ਸ਼ਬਦ-ਪ੍ਰਸਤੀ ਹੈ। ਸਿੱਖੀ ਵਿਚ ਹੋਰ ਉਪਾਸਨਾ ਪਰਵਾਣ ਨਹੀਂ। ਇਹ ਸ਼ਬਦ ਹੀ ਹੈ ਜੋ ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤਿ ਹੈ। ਇਸ ਨਾਲ ਜੁੜਨ ਵਾਲੇ ਹੀ ਸਤਿਗੁਰਾਂ ਦੀ ਜੋਤਿ ਨਾਲ ਜੁੜ ਸਕਦੇ ਹਨ। ਪਾਠ ਹੀ ਗੁਰੂ ਗ੍ਰੰਥ ਸਾਹਿਬ ਦਾ ਦੀਦਾਰ ਹੈ। ਗੁਰੂ ਗ੍ਰੰਥ ਜੇ ਪੰਥ ਦਾ ਗੁਰੂ ਹੈ ਤਾਂ ਸ਼ਬਦ ਰੂਪ ਵਿਚ, ਜੋਤਿ ਰੂਪ ਵਿਚ, ਬਾਣੀ ਰੂਪ ਵਿਚ, ਕਿਉਂਕਿ ਨਿਰੰਕਾਰ ਆਪ ਬਾਣੀ ਰੂਪ ਹੋ ਕੇ ਹੀ ਅਸਾਂ ਸੰਸਾਰੀਆਂ ਨਾਲ ਹਮ-ਕਲਾਮ ਹੋਇਆ ਹੈ।

ਅਰਦਾਸ ਵਿਚ ਇਸੇ ਸ਼ਬਦ-ਗੁਰੂ ਦਾ ਅਭਿਨੰਦਨ ਕੀਤਾ ਜਾਂਦਾ ਹੈ ਤੇ ਇਸੇ ਆਤਮਕ ਜੋਤਿ ਦੇ ਪਾਠ-ਦੀਦਾਰ ਦਾ ਧਿਆਨ ਧਰ ਕੇ ਸਰਬੱਤ ਸੰਗਤ ਨੂੰ ''ਵਾਹਿਗੁਰੂ'' ਬੋਲਣ ਦਾ ਆਦੇਸ਼ ਦਿੱਤਾ ਜਾਂਦਾ ਹੈ।

★ ★ ★ ★


*ਭਾਈ ਘਨੱਈਆ ਚੈਰੀਟੇਬਲ ਹਸਪਤਾਲ ਗੋਨਿਆਣਾ ਭਾਈ ਜਗਤਾ ਵਿਖੇ*

## ਹਫ਼ਤਾਵਾਰੀ ਮੁਫ਼ਤ ਕੈਂਪ

*ਹਰ ਬੁੱਧਵਾਰ ਦੰਦਾਂ ਦਾ ਕੈਂਪ*

*ਡਾ: ਮਨਤਾਰ ਸਿੰਘ ਫ਼ਰੀਦਕੋਟ ਅਤੇ ਡਾ: ਨਵਦੀਪ ਸਿੰਘ ਲੱਕੀ*

*ਹਰ ਬੁੱਧਵਾਰ ਹੱਡੀਆਂ ਤੇ ਜੋੜਾਂ ਦਾ ਕੈਂਪ ਵੈਦ ਬਲਜੀਤ ਸਿੰਘ*

*ਹਰ ਸ਼ਨਿਚਰਵਾਰ ਦੰਦਾਂ ਦਾ ਕੈਂਪ ਡਾ: ਗੁਰਿੰਦਰ ਮੋਹਨ ਸਿੰਘ, ਫ਼ਰੀਦਕੋਟ*

*ਹਰ ਐਤਵਾਰ ਦਿਲ, ਛਾਤੀ ਅਤੇ ਗੁਰਦੇ ਦੀਆਂ ਬਿਮਾਰੀਆਂ ਦਾ ਕੈਂਪ*

*ਡਾ: ਗੁਰਮੀਤ ਸਿੰਘ ਐਮ. ਡੀ. (ਮੈਡੀਸਨ) ਬਠਿੰਡਾ*

*ਹਰ ਐਤਵਾਰ ਅੱਖਾਂ ਦਾ ਕੈਂਪ ਡਾ: ਗੁਰਜੀਤ ਸਿੰਘ ਖੁਰਾਣਾ ਬਠਿੰਡਾ ਲਗਾਉਂਦੇ ਹਨ।*

*ਲੋੜਵੰਦ ਲਾਭ ਉਠਾਓ।*



# ਭਾਈ ਘਨੱਈਆ ਜੀ ਸੰਬੰਧੀ ਮਹੱਤਵਪੂਰਨ ਜਾਣਕਾਰੀ

| | | |
|---|---|---|
| ਜਨਮ-ਸਥਾਨ | ----- | ਸੋਹਦਰਾ (ਜ਼ਿਲ੍ਹਾ ਗੁਜਰਾਤ ਹਾਲ, ਪਾਕਿਸਤਾਨ) |
| ਜਨਮ ਦਾ ਸਾਲ | ----- | ਸੰਮਤ 1705 (1648 ਈ :) |
| ਪਿਤਾ ਦਾ ਨਾਮ | ----- | ਭਾਈ ਨੱਥੂ ਰਾਮ (ਸ਼ਾਹੀ ਲੋੜ ਪੂਰਤੀ ਸਪਲਾਈ ਦੇ ਠੇਕੇਦਾਰ, ਜਨਰਲ ਅਮੀਰ ਸਿੰਘ ਨਾਲ ਸੰਬੰਧਿਤ ਸਨ) |
| ਮਾਤਾ ਦਾ ਨਾਮ | ----- | ਸੁੰਦਰੀ ਜੀ |
| ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਮੇਲ | ----- | ਸੰਮਤ 1731 (1674 ਈ:) |
| ਨੌਵੇਂ ਗੁਰੂ ਵੱਲੋਂ ਵਰੋਸਾਏ ਗਏ | ----- | ਸੰਮਤ 1732 (1675 ਈ:) |
| ਕੁਵੇ (ਜ਼ਿਲ੍ਹਾ ਕੈਮਲਪੁਰ ਪਾਕਿਸਤਾਨ) ਵਿੱਚ ਧਰਮਸ਼ਾਲਾ ਕਾਇਮ ਕਰਨੀ | ----- | ਸੰਮਤ 1732-33 (1675-76 ਈ:) |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਪਹਿਲਾ ਮਿਲਾਪ | ----- | ਸੰਮਤ 1735 (1678 ਈ:) |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਵਰੋਸਾਏ ਗਏ | ----- | ਸੰਮਤ 1738 (1681 ਈ:) |
| ਆਨੰਦਪੁਰ ਸਾਹਿਬ ਵਿੱਚ ਕੀਤੀ ਮਾਨਵ-ਵਾਦੀ ਸੇਵਾ | ----- | ਸੰਮਤ 1759-61 (1702-4 ਈ:) |
| ਭਾਈ ਸੇਵਾ ਰਾਮ 'ਸੇਵਾ ਪੰਥੀ' ਨਾਲ ਪਹਿਲੀ ਮਿਲਣੀ | ----- | ਸੰਮਤ 1740 (1683 ਈ:) |
| ਨੂਰਪੁਰ ਵਿੱਚ ਧਰਮਸ਼ਾਲਾ ਸਥਾਪਤੀ | ----- | ਸੰਮਤ 1755 (1698 ਈ:) |
| ਜੋਤੀ-ਜੋਤਿ ਸਮਾਏ | ----- | ਸੰਮਤ 1775 (1718 ਈ:) |

## ਟਿਕਾਣਾ ਭਾਈ ਜਗਤਾ ਜੀ ਸਾਹਿਬ (ਨੂਰਪੁਰ ਥਲ, ਪਾਕਿਸਤਾਨ) ਨਾਲ ਸਬੰਧਿਤ

# ਨਾਦੀ ਬੰਸਾਵਲੀ

## ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਜਨਮ ਦਾਤਾ ਤਥਾ ਵਰਦਾਤਾ

1. ਮੁਕਟਮਣੀ ਭਾਈ ਘਨੱਈਆ ਜੀ ----- 1705-1775 ਬਿ: ਸੰਪਰਦਾ ਦੇ ਮੋਢੀ

2. ਭਾਈ ਸੇਵਾ ਰਾਮ ਜੀ ----- 1715-1785 ਬਿ: ਸੰਪਰਦਾ ਦੇ ਮੁੱਖ ਸੰਚਾਲਕ

3. ਭਾਈ ਅੱਡਣ ਸਾਹਿਬ ਜੀ ----- 1745-1814 ਬਿ: ''

4. ਭਾਈ ਭੱਲਾ ਰਾਮ ਜੀ ----- 1778-1854 ਬਿ: ਮੁੱਖ ਪਥ-ਪ੍ਰਦਰਸ਼ਕ

5. ਭਾਈ ਜਗਤਾ ਜੀ ਸਾਹਿਬ ----- 1798-1868 ਬਿ: ''

6. ਭਾਈ ਹਜ਼ਾਰੀ ਰਾਮ ਜੀ ----- 1813-1883 ਬਿ: ''

7. ਭਾਈ ਸਹਾਈ ਰਾਮ ਜੀ ----- 1825-1901 ਬਿ: ''

8. ਭਾਈ ਰਲਿਆ ਰਾਮ ਜੀ ----- 1842-1927 ਬਿ: ''

9. ਭਾਈ ਲਖਮੀ ਦਾਸ ਜੀ ----- 1908-1965 ਬਿ: ''

10. ਮਹੰਤ ਭਾਈ ਗੁਲਾਬ ਸਿੰਘ ਜੀ ----- 1871-1950 ਈ: ''

11. ਮਹੰਤ ਭਾਈ ਆਸਾ ਸਿੰਘ ਜੀ ----- 9-12-1893 ਈ: ਤੋਂ ''
    1-1-1974 ਈ: ਤੱਕ

**12. ਮਹੰਤ ਭਾਈ ਤੀਰਥ ਸਿੰਘ ਜੀ ----- ਜਨਮ 12 ਫ਼ਰਵਰੀ, 1925**

**ਵਰਤਮਾਨ ਸਮੇਂ ਡੇਰੇ ਦੀ ਸੇਵਾ-ਸੰਭਾਲ 14 ਜਨਵਰੀ, 1974 ਤੋਂ**

★★★★

੧ੴ

ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥

## ਸ਼੍ਰੀਮਾਨ ਸੰਤ ਬਾਬਾ ਤੀਰਥ ਸਿੰਘ ਜੀ 'ਸੇਵਾ ਪੰਥੀ' ਦੀ

ਪ੍ਰਧਾਨਗੀ/ਸਰਪ੍ਰਸਤੀ ਤੇ ਅਗਵਾਈ ਵਿੱਚ ਚੱਲ ਰਹੀਆਂ

# ਸਿੱਖਿਆ ਤੇ ਸੇਵਾ ਸੰਸਥਾਵਾਂ

☆ ਹੋਮਿਓਪੈਥਿਕ ਮੈਡੀਕਲ ਕਾਲਜ ਅਤੇ ਹਸਪਤਾਲ ਅਬੋਹਰ (ਫ਼ਿਰੋਜ਼ਪੁਰ) ☆ ਮਹੰਤ ਗੁਪਾਲ ਸਿੰਘ ਇੰਸਟੀਚਿਊਟ ਆਫ ਕੰਪੀਟੀਸ਼ਨਜ਼ ਐਂਡ ਇੰਮਪਲਾਇਮੈਂਟ ਪਟਿਆਲਾ ਜਿੱਥੇ ਆਈ.ਏ. ਐਸ., ਪੀ. ਸੀ. ਐਸ. ਦੀ ਕੋਚਿੰਗ ਦਿੱਤੀ ਜਾਂਦੀ ਹੈ। ☆ ਗੁਰੂ ਨਾਨਕ ਗਰਲਜ਼ ਕਾਲਜ, ਯਮੁਨਾ ਨਗਰ (ਹਰਿ:) ☆ ਸੰਤ ਨਿਸਚਲ ਸਿੰਘ ਟ੍ਰਸਟ, ਯਮੁਨਾ ਨਗਰ (ਹਰਿ:) ☆ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਬਠਿੰਡਾ। ☆ ਸੰਤ ਨਿਸਚਲ ਸਿੰਘ ਪਬਲਿਕ ਸਕੂਲ, ਯਮੁਨਾ ਨਗਰ (ਹਰਿ:) ☆ ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ, ਯਮੁਨਾ ਨਗਰ (ਹਰਿ:) ☆ ਗੁਰੂ ਤੇਗ ਬਹਾਦਰ ਚੈਰੀਟੇਬਲ ਹਸਪਤਾਲ ਅਤੇ ਮੈਡੀਕਲ ਕਾਲਜ, ਲੁਧਿਆਣਾ। ਗੁਰੂ ਤੇਗ ਬਹਾਦਰ ਖ਼ਾਲਸਾ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਕਾਲਜ ਛਾਪਿਆਂਵਾਲੀ, ਮਲੋਟ (ਮੁਕਤਸਰ) ☆ ਭਾਈ ਘਨੱਈਆ ਹਸਪਤਾਲ ਅਤੇ ਮੈਡੀਕਲ ਰੀਸਰਚ ਇੰਸਟੀਚਿਊਟ, ਜੀ. ਟੀ. ਰੋਡ, ਸ਼ੰਭੂ।

### ਹੇਠ ਲਿਖੇ ਸੇਵਾ ਸਥਾਨ ਇਸ ਮੁੱਖ ਕੇਂਦਰ ਨਾਲ ਸੰਬੰਧਿਤ ਹਨ।

☆ ਗੁਰਦੁਆਰਾ ਭਾਈ ਜਗਤਾ ਜੀ ਸਾਹਿਬ ਜੀ. ਟੀ. ਰੋਡ. ਮਲੋਟ (ਮੁਕਤਸਰ) ☆ ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਨਵੀਨ ਨਗਰ, ਦਿੱਲੀ ਰੋਡ, ਸਹਾਰਨਪੁਰ (ਯੂ.ਪੀ.) ☆ ਸੇਵਾ ਪੰਥੀ ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ, ਨਵੀਂ ਬਸਤੀ, ਗੋਨਿਆਣਾ ਮੰਡੀ (ਬਠਿੰਡਾ) ☆ ਗੁਰਦੁਆਰਾ ਸਾਹਿਬ ਭਾਈ ਘਨੱਈਆ ਨਗਰ (ਰੇਲਵੇ ਫਾਟਕ) ਗੋਨਿਆਣਾ ਮੰਡੀ (ਬਠਿੰਡਾ) ☆ ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਬਸਤੀ ਹਿੰਮਤਪੁਰਾ, ਜੈਤੋ (ਫ਼ਰੀਦਕੋਟ) ☆ ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਬਸਤੀ ਧਰਮਪੁਰਾ ਬੁਢਲਾਡਾ (ਮਾਨਸਾ) ☆ ਗੁਰਦੁਆਰਾ ਭਾਈ ਜਗਤਾ ਜੀ ਸਾਹਿਬ ਪਟੇਲ ਰੋਡ, ਅੰਬਾਲਾ (ਹਰਿ:) ☆ ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਸਾਹਮਣੇ ਸਪੋਰਟਸ ਸਟੇਡੀਅਮ, ਬਠਿੰਡਾ। ਫ਼ੋਨ : 221141

### ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ (ਬਠਿੰਡਾ) ਵਿਖੇ ਚੱਲ ਰਹੇ ਅਦਾਰੇ

☆ ਭਾਈ ਆਸਾ ਸਿੰਘ ਗਰਲਜ਼ ਕਾਲਜ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਿਤ। ☆ ਭਾਈ ਜਗਤਾ ਜੀ ਹਾਈ ਸਕੂਲ (ਮਾਨਤਾ ਪ੍ਰਾਪਤ) ਅਤੇ ਇਸ ਨਾਲ ਸੰਬੰਧਿਤ 26 ਬਰਾਂਚ ਸਕੂਲ ਪਿੰਡਾਂ ਵਿੱਚ ਚੱਲ ਰਹੇ ਹਨ। ☆ ਭਾਈ ਜਗਤਾ ਜੀ ਪਬਲਿਕ ਸਕੂਲ (ਅੰਗਰੇਜ਼ੀ ਮਾਧਿਅਮ)। ☆ ਭਾਈ ਘਨੱਈਆ ਚੈਰੀਟੇਬਲ ਹਸਪਤਾਲ। ☆ ਭਾਈ ਆਸਾ ਸਿੰਘ ਕਾਲਜ ਆਫ਼ ਕੰਪਿਊਟਰ ਸਾਇੰਸ। ☆ ਮਾਤਾ ਤ੍ਰਿਪਤਾ ਚੈਰੀਟੇਬਲ ਟ੍ਰਸਟ (ਰਜਿ:) ਜਿਸ ਅਧੀਨ ਭਾਈ ਜਗਤਾ ਜੀ ਸਿਲਾਈ ਤੇ ਬੁਣਾਈ ਸੈਂਟਰ ਚੱਲ ਰਿਹਾ ਹੈ। ☆ ਭਾਈ ਘਨੱਈਆ ਚੈਰੀਟੇਬਲ ਟ੍ਰਸਟ (ਰਜਿ:) ☆ ਭਾਈ ਸੇਵਾ ਰਾਮ ਵਚਿੱਤਰ ਸ਼ਾਲਾ। ☆ ਗੁਰੂ ਨਾਨਕ ਲਾਇਬਰੇਰੀ। ☆ ਭਾਈ ਘਨੱਈਆ ਸੇਵਾ ਜੋਤੀ (ਪੰਜਾਬੀ ਮਾਸਿਕ)। ☆ ਅੱਡਣ ਸ਼ਾਹੀ ਪ੍ਰਿੰਟਿੰਗ ਪ੍ਰੈਸ। ☆ ਦਫ਼ਤਰ ਵਰ-ਘਰ। ☆ ਸੇਵਾ ਪੰਥੀ ਗੁਰਮਤਿ ਵਿਦਿਆਲਾ।

# ਸੇਵਾ ਪੰਥੀ ਕੌਣ ?

'ਸੇਵਾ ਪੰਥੀ' ਸੰਪਰਦਾਇ ਦੇ ਮੋਢੀ ਗੁਰੂ ਘਰੋਂ ਵਰੋਸਾਏ ਬ੍ਰਹਮ-ਗਿਆਨੀ ਭਾਈ ਘਨੱਈਆ ਜੀ ਹੋਏ ਹਨ ਜਿਨ੍ਹਾਂ ਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਮਿਹਰ ਭਰੀ ਬਖ਼ਸ਼ਿਸ਼ ਹੋਈ ਅਤੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਰਦਾਨ ਦੇ ਕੇ ਨਿਵਾਜਿਆ। ਭਾਈ ਘਨੱਈਆ ਜੀ ਦੇ ਅਨੁਯਾਈ ਆਪਣੇ ਆਪ ਨੂੰ ਸੇਵਾ ਪੰਥੀ ਕਹਾਉਣ ਵਿੱਚ ਪ੍ਰਸੰਨਚਿਤ ਮਹਿਸੂਸ ਕਰਦੇ ਹਨ। ਸੇਵਾ ਪੰਥੀ ਭੇਖ ਵਿੱਚ ਸ਼ਾਮਲ ਹੋਣ ਲਈ ਬਾਕਾਇਦਾ ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ:) ਅੰਮ੍ਰਿਤਸਰ ਵੱਲੋ-ਨਿਸ਼ਚਿਤ ਮੈਂਬਰਸ਼ਿਪ ਫ਼ਾਰਮ ਤੇ ਪ੍ਰਣ-ਪੱਤਰ ਭਰ ਕੇ ਦੇਣਾ ਪੈਂਦਾ ਹੈ। ਸਭਾ ਦੀ ਪ੍ਰਵਾਨਗੀ ਬਾਅਦ ਸੇਵਾ ਪੰਥੀ ਸੰਪਰਦਾਇ ਦਾ ਮੈਂਬਰ ਸਮਝਿਆ ਜਾਂਦਾ ਹੈ। ਵਿਧੀ ਪੂਰਤੀ ਤੋਂ ਬਿਨਾਂ ਕੋਈ ਵਿਅਕਤੀ ਆਪਣੇ ਨਾਂ ਨਾਲ 'ਸੇਵਾ ਪੰਥੀ' ਨਹੀਂ ਲਿਖ ਸਕਦਾ ਜੇ ਅਜਿਹਾ ਕਰਦਾ ਹੈ ਤਾਂ ਧੋਖਾਏ ਠੱਗੀ ਤੇ ਗੈਰ-ਕਾਨੂੰਨੀ ਹੈ। ਅਜਿਹੇ ਪਾਖੰਡੀ ਵਿਅਕਤੀ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਹੋ ਸਕਦੀ ਹੈ। ਸੇਵਾ ਪੰਥੀ ਸਾਧੂ-ਸੰਤਾਂ ਦੀ ਆਪਣੀ ਰਹਿਤ-ਮਰਯਾਦਾ ਤੇ ਨੈਤਿਕ ਸਿਸ਼ਟਾਚਾਰ ਹੈ। ਜਿਸ ਦੀ ਅਮਲੀ ਰੂਪ ਵਿੱਚ ਪਾਲਣਾ ਜ਼ਰੂਰੀ ਹੈ ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਮੰਨਣਾ ਤੇ ਇਸ ਦਾ ਪ੍ਰਚਾਰ ਕਰਨਾ । ਬਿਨਾਂ ਵਿਤਕਰੇ ਦੀਨ-ਦੁਖੀਆਂ ਤੇ ਲੋੜ-ਵੰਦਾਂ ਦੀ ਸੇਵਾ ਕਮਾਉਣਾ, ਟਿਕਾਣਿਆਂ ਵਿੱਚ ਭਾਈ ਸੇਵਾ ਰਾਮ ਤੇ ਭਾਈ ਅੱਡਣ ਸਾਹਿਬ ਜੀ ਤੋਂ ਚੱਲੀ ਮਰਯਾਦਾ ਅਨੁਸਾਰ ਪ੍ਰਬੰਧ ਚਲਾਉਣਾ। ਲੋੜ ਜਾਂ ਸਮਰੱਥਾ ਅਨੁਸਾਰ ਲੰਗਰ, ਵਿੱਦਿਆ ਦਾ ਪ੍ਰਚਾਰ ਤੇ ਆਏ -ਗਏ ਦੀ ਸੇਵਾ ਕਰਨਾ ਮੁੱਖ ਆਸ਼ੇ ਹਨ। ਸਭਾ ਦੀ ਨਿਰਧਾਰਿਤ ਨਿਯਮਾਂਵਲੀ ਅਨੁਸਾਰ ਵਿਚਰਨਾ ਜ਼ਰੂਰੀ ਹੈ। ਸਭਾ ਦੇ ਅਸੂਲਾਂ ਅਨੁਸਾਰ ਸ਼ਾਦੀ-ਸ਼ੁਦਾ ਵਿਅਕਤੀ ਟਿਕਾਣੇ ਦਾ ਮਹੰਤ ਨਹੀਂ ਹੋ ਸਕਦਾ ਕਿਉਂਕਿ ਸੇਵਾ ਪੰਥੀਆਂ ਵਿੱਚ ਬ੍ਰਹਮਚਾਰੀ ਰਹਿਣ ਦੀ ਪ੍ਰੰਪਰਾ ਹੈ। ਪਰ ਅਜਿਹੇ ਬਜ਼ੁਰਗ ਗੁਰਸਿੱਖ ਘਰ-ਗ੍ਰਹਿਸਥੀ ਦਾ ਤਿਆਗ ਕਰਕੇ ਵਿਧੀ ਪੂਰਵਕ ਸੇਵਾ ਪੰਥੀਆਂ ਵਿੱਚ ਸ਼ਾਮਲ ਹੋ ਸਕਦੇ ਹਨ।'

ਸਾਧ-ਸੰਗਤ ਦਾ ਦਾਸ :  
ਤੀਰਥ ਸਿੰਘ 'ਸੇਵਾ ਪੰਥੀ'  
ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ:),  
ਅੰਮ੍ਰਿਤਸਰ।

੧ੴ ਸਤਿਗੁਰ ਪ੍ਰਸਾਦਿ ॥

ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮ ਪਦੁ ਪਾਈ ॥

# ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ:) ਅੰਮ੍ਰਿਤਸਰ

**ਰਜਿਸਟਰਡ ਨੰ: 2 ਮਿਤੀ 8-5-1995 (Act XXI of 1860)**

## ਮੁੱਖ ਦਫ਼ਤਰ : ਟਿਕਾਣਾ ਭਾਈ ਜਗਤਾ ਜੀ ਸਾਹਿਬ,

ਗੋਨਿਆਣਾ ਮੰਡੀ-151201 ਜਿਲ੍ਹਾ ਬਠਿੰਡਾ, ਪੰਜਾਬ (ਭਾਰਤ)

ਸ਼੍ਰੀਮਾਨ ਜੀ,

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 31-3-98 ਦਿਨ ਮੰਗਲਵਾਰ ਨੂੰ ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ:) ਅੰਮ੍ਰਿਤਸਰ ਦੀ ਮੀਟਿੰਗ ਵਿੱਚ ਜੋ ਸਭਾ ਦੇ ਨਵੇਂ ਮੈਂਬਰਾਂ ਦੀ ਚੋਣ ਹੋਈ ਉਹ ਇਸ ਪ੍ਰਕਾਰ ਹੈ :-

| | | | |
|---|---|---|---|
| ਪ੍ਰਧਾਨ | :- | | ਸ਼੍ਰੀਮਾਨ 108 ਮਹੰਤ ਤੀਰਥ ਸਿੰਘ ਜੀ |
| ਸੀਨੀਅਰ ਮੀਤ ਪ੍ਰਧਾਨ | :- | | ਸ਼੍ਰੀ ਮਾਨ 108 ਮਹੰਤ ਹਰੀਸ਼ ਲਾਲ ਜੀ ਸ਼ਾਸਤਰੀ |
| ਜੂਨੀਅਰ ਮੀਤ ਪ੍ਰਧਾਨ | :- | | ਸ਼੍ਰੀਮਾਨ 108 ਮਹੰਤ ਸੁਰਜੀਤ ਸਿੰਘ ਜੀ |
| ਜਨਰਲ ਸਕੱਤਰ | :- | | ਸ਼੍ਰੀਮਾਨ 108 ਮਹੰਤ ਪਰਮਜੀਤ ਸਿੰਘ ਜੀ |
| ਸਕੱਤਰ | :- | | ਸ਼੍ਰੀਮਾਨ 108 ਸੰਤ ਕਰਮਜੀਤ ਸਿੰਘ ਜੀ |
| ਮੀਤ ਸਕੱਤਰ | :- | | ਸ਼੍ਰੀਮਾਨ 108 ਮਹੰਤ ਮਹਿੰਦਰ ਸਿੰਘ ਜੀ |
| ਖ਼ਜ਼ਾਨਚੀ | :- | | ਸ਼੍ਰੀਮਾਨ 108 ਮਹੰਤ ਦਿਲਬਾਗ ਸਿੰਘ ਜੀ |
| ਐਗਜੈਕਟਿਵ ਮੈਂਬਰ | :- | 1. | ਸ਼੍ਰੀਮਾਨ 108 ਮਹੰਤ ਚਮਕੌਰ ਸਿੰਘ ਜੀ |
| | | 2. | ਸ਼੍ਰੀਮਾਨ 108 ਮਹੰਤ ਹਰਬੰਸ ਸਿੰਘ ਜੀ |
| | | 3. | ਸ਼੍ਰੀਮਾਨ 108 ਮਹੰਤ ਪ੍ਰਿਤਪਾਲ ਸਿੰਘ ਜੀ |
| | | 4. | ਸ਼੍ਰੀਮਾਨ 108 ਸੰਤ ਜਗਮੋਹਨ ਸਿੰਘ ਜੀ |

# ਪਰਉਪਕਾਰੀ ਭਾਈ ਘਨ੍ਹੱਈਆ ਜੀ

- ਬਲਜੀਤ ਸਿੰਘ ਬੱਲੀ

ਉਂਗਲੀਆਂ ਤੇ ਗਿਣੇ ਜਾਣ ਵਾਲੇ ਵਿਅਕਤੀ ਐਸੇ ਹਨ, ਜਿਨ੍ਹਾਂ ਨੇ ਸੰਸਾਰ ਵਿਚ ਮਾਨਵ ਕਲਿਆਣ ਅਤੇ ਮਾਨਵ ਸੇਵਾ ਦੀਆਂ ਵਿਲੱਖਣ ਮਿਸਾਲਾਂ ਕਾਇਮ ਕਰਕੇ ਆਪਣੇ ਨਾਂਵਾਂ ਨੂੰ ਰੌਸ਼ਨ ਕੀਤਾ ਹੈ। ਪੈਸੇ-ਧੇਲੇ ਨਾਲ ਇਨਸਾਨ ਦੀ ਸੇਵਾ, ਸਹੀ ਮਾਅਨਿਆਂ ਵਿਚ ਸੇਵਾ ਨਹੀਂ ਕਹੀ ਜਾ ਸਕਦੀ। ਕਿਸੇ ਦੁੱਖ, ਤਕਲੀਫ, ਸੰਕਟ, ਸੰਤਾਪ ਵਿਚ ਗ੍ਰਸੇ ਇਨਸਾਨ ਨੂੰ ਜੋ ਮੌਤ ਦੀਆਂ ਘੜੀਆਂ ਗਿਣ ਰਿਹਾ ਹੋਵੇ-ਪਿਆਰ ਹਮਦਰਦੀ ਦੇ ਬੋਲ ਅਤੇ ਉਸਦੇ ਜ਼ਖ਼ਮਾਂ ਤੇ ਮੱਲ੍ਹਮ ਲਾ, ਉਸ ਦੀ ਤਨ ਤੇ ਮਨ ਦੀ ਪਿਆਸ ਬੁਝਾ ਦੇਣੀ ਹੀ ਅਸਲੀ ਸੇਵਾ ਅਖਵਾਉਂਦੀ ਹੈ। ਅਜਿਹੀ ਸੇਵਾ ਜੇਕਰ ਸਹੀ ਅਰਥਾਂ ਵਿਚ ਸੋਚਿਆ ਜਾਵੇ ਤਾਂ ਕੋਈ ਸੰਸਾਰੀ ਬੰਦਾ ਨਹੀਂ ਕਰ ਸਕਦਾ, ਸਗੋਂ ਸੰਸਾਰ ਵਿਚ ਰਹਿੰਦਿਆਂ, ਵਿਚਰਦਿਆਂ ਦੈਵੀ ਗੁਣਾਂ ਦਾ ਧਾਰਨੀ ਮਨੁੱਖ ਹੀ ਨਿਭਾ ਸਕਦਾ ਹੈ, ਜਿਸ ਨੂੰ ਮੋਹ-ਮਾਇਆ ਦੀਆਂ ਤਣੀਆਂ ਕਸ ਨਾ ਸਕਣ, ਜਿਸਨੂੰ ਕਾਮ-ਕਰੋਧ ਦੇ ਦੈਂਤ ਦੀ ਗੁਲਾਮੀ ਨਾ ਹੋਵੇ ਅਤੇ ਜਿਸਨੂੰ ਸੇਵਾ ਕਰਦਿਆਂ ਰੰਚਕ ਮਾਤਰ ਵੀ ਹਉਮੈਂ-ਹੰਕਾਰ ਨਾ ਗ੍ਰਸ ਸਕੇ।

ਅਜਿਹੇ ਵਿਅਕਤੀਆਂ, ਅਰਥਾਤ ਰੱਬੀ ਜੀਊੜਿਆਂ ਵਿਚੋਂ ਸੀ ਮਹਾਨ ਪਰਉਪਕਾਰੀ ਭਾਈ ਘਨ੍ਹੱਈਆ ਜੀ, ਜਿਨ੍ਹਾਂ ਦੀਆਂ ਨਜ਼ਰਾਂ ਵਿਚ ਨਾ ਕੋਈ ਵੈਰੀ ਸੀ, ਨਾ ਕੋਈ ਬੇਗਾਨਾ। ਜੋ ਸਾਰੇ ਮਨੁੱਖਾਂ ਨੂੰ ਸਗਲ-ਸੰਗ ਵਿਚ ਜਾਣ ਹਉਮੈਂ ਨਹੀਂ, ਸਗੋਂ ਫ਼ਖ਼ਰ ਮਹਿਸੂਸ ਕਰਦੇ ਸਨ। ਭਾਈ ਘਨ੍ਹੱਈਆ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਿਨ ਸਿੱਖ ਹੋਣ ਦੇ ਨਾਤੇ ਇਕ ਸੱਚੇ-ਸੁੱਚੇ ਇਨਸਾਨ ਅਤੇ ਪ੍ਰਮਾਤਮਾ ਦੀ ਜੋਤ ਨਾਲ ਓਤ ਪ੍ਰੋਤ ਹੋਏ ਵਿਅਕਤੀ ਸਨ। ਇਕ ਬ੍ਰਹਮਗਿਆਨੀ ਲਈ ਇਹ ਜ਼ਰੂਰੀ ਨਹੀਂ ਕਿ ਉਹ ਗ੍ਰੰਥਾਂ, ਵੇਦਾਂ, ਪੁਰਾਨਾਂ ਦਾ ਗਿਆਤਾ ਹੋਵੇ। ਸਗੋਂ ਇਕ ਹਰੀ ਦੇ ਰੰਗ ਵਿਚ ਰੱਤਾ, ਸਹਿਜ ਅਵੱਸਥਾ ਵਿਚ ਵਿਚਰਦਾ ਮਨੁੱਖ ਵੀ ਬ੍ਰਹਮਗਿਆਨੀ ਹੋ ਸਕਦਾ ਹੈ, ਜਿਸਦੀ ਬਿਰਤੀ ਇਕ ਅਕਾਲਪੁਰਖ ਦੇ ਚਰਨਾਂ ਵਿਚ ਜੁੜੀ ਹੋਈ ਹੋਵੇ ਅਤੇ ਜੋ ਸੰਸਾਰ ਦੇ ਕਾਰ ਵਿਹਾਰ ਕਰਦਾ ਹੋਇਆ ਵੀ 'ਨਾਮ ਨਿਰੰਜਨ ਚੀਤ' ਵਿਚ ਵਿਸ਼ਵਾਸ ਰੱਖਦਿਆਂ ਇਕ ਪੂਰਨ ਨਿਰਲੇਪ ਜੀਵਨ ਬਿਤਾ ਰਿਹਾ ਹੋਵੇ। ਉਸ ਦੀ ਦ੍ਰਿਸ਼ਟੀ ਵਿਚ ਸਾਰੇ ਇਨਸਾਨਾਂ ਵਿਚ ਅਕਾਲ ਪੁਰਖ ਦੀ ਜੋਤ ਪ੍ਰਜ੍ਵਲਿਤ ਹੋਈ ਹੀ ਨਜ਼ਰ ਆਉਂਦੀ ਹੈ। ਇਸੇ ਲਈ ਤਾਂ ਭਾਈ ਘਨ੍ਹੱਈਆ ਜੀ ਵਰਗੇ ਮਹਾਂਪੁਰਖ ਗੁਰੂ ਅਮਰਦਾਸ ਜੀ ਦੇ ਇਨ੍ਹਾਂ ਵਚਨਾਂ ਵਿਚ ਵਿਸ਼ਵਾਸ ਰੱਖਦੇ ਸਨ।

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ॥<br>
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥<br>
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥<br>
ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ॥

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥
(ਰਾਮਕਲੀ ਮਹਲਾ ੩ ਅਨੰਦੁ, ਪੰਨਾ ੯੨੨)

ਅੱਜ ਦੀ ਦੁਨੀਆਂ ਵਿਚ ਅਸੀਂ ਵੇਖ ਰਹੇ ਹਾਂ-ਹਰ ਥਾਂ ਸੁਆਰਥ ਹੀ ਸੁਆਰਥ ਹੈ, ਜਿਸ ਕਾਰਨ ਦੁੱਖ ਹੈ, ਸੰਤਾਪ ਹੈ, ਕਰਿਝਣਾ ਹੈ, ਲਾਲਚ ਹੈ ਅਤੇ ਜ਼ੁਲਮ ਹੈ। ਇਕ ਦੂਜੇ ਨਾਲ ਵੈਰ-ਵਿਰੋਧ ਹੈ। ਇਨਸਾਨੀ ਰਵਾਦਾਰੀ ਨਹੀਂ, ਆਪਸੀ ਹਮਦਰਦੀ ਨਹੀਂ, ਨਿਸ਼ਕਾਮਤਾ ਨਹੀਂ, ਸੇਵਾ ਦੀ ਲਗਨ ਨਹੀਂ, ਸ਼ਾਂਤੀ ਨਹੀਂ। ਹਰ ਪਲ ਹਰ ਛਿਨ ਅਸੀਂ ਆਪਣੇ ਸੁਆਰਥ ਲਈ ਦੂਜਿਆਂ ਨਾਲ ਨਹੀਂ ਸਗੋਂ ਆਪਣਿਆਂ ਨਾਲ ਵੀ ਧੋਖਾ ਕਰਦੇ ਹਾਂ, ਫ਼ਰੇਬ ਕਰਦੇ ਹਾਂ, ਛਲ-ਕਪਟ ਕਰਦੇ ਅਤੇ ਜ਼ਾਹਰਾ ਦਿਖਾਵਿਆਂ ਰਾਹੀਂ ਆਪਣੇ ਆਪ ਨੂੰ ਉਹਨਾਂ ਦੇ ਹਮਦਰਦ ਅਤੇ ਹਿਤੈਸ਼ੀ ਜਾਹਿਰ ਕਰਦੇ ਹਾਂ। ਇਹੋ ਜਿਹੇ ਔਗੁਣਾਂ ਦੇ ਹੁੰਦਿਆਂ ਦੁਨੀਆਂ ਕਿਵੇਂ ਸੁਖੀ ਹੋ ਸਕਦੀ ਹੈ। ਜਿਹੜਾ ਇਨਸਾਨ ਦੀਨ-ਦੁਖੀ ਹੈ, ਉਸ ਲਈ ਕੌਣ ਹਮਦਰਦੀ ਕਰੇਗਾ, ਕੌਣ ਉਸ ਦੀ ਮਦਦ ਤੇ ਸੇਵਾ ਕਰੇਗਾ ? ਜ਼ਾਹਿਰ ਹੈ ਕਿ ਕੋਈ ਵੀ ਨਹੀਂ। ਪਰ ਕਹਿੰਦੇ ਹਨ ਕਿ ਕਿਸੇ ਚੀਜ਼ ਦਾ ਕਦੀ ਵਿਨਾਸ਼ ਨਹੀਂ ਹੁੰਦਾ-ਚੰਗਿਆਈ ਦਾ ਵੀ ਤੇ ਬੁਰਿਆਈ ਦਾ ਵੀ। ਬੁਰਿਆਈ ਤਾਂ ਆਪਣਾ ਅਸਰ ਦਿਖਾ ਕੇ, ਸਮੇਂ ਨਾਲ ਆਪਣੇ ਟਾਕਰੇ ਦੀ ਸ਼ਕਤੀ ਨਾਲ ਮੁਕਾਬਲਾ ਕਰਦਿਆਂ ਖ਼ਤਮ ਹੋ ਜਾਂਦੀ ਹੈ, ਪਰ ਚੰਗਿਆਈ ਦਾ ਫਲ ਹਮੇਸ਼ਾਂ ਚਿਰ-ਸਥਾਈ ਹੁੰਦਾ ਹੈ। ਭਾਈ ਘਨੱਈਆ ਜੀ ਦੇ ਜੀਵਨ ਦੀ ਖ਼ੁਸ਼ਬੋਈ ਅੱਜ ਵੀ ਅਸੀਂ ਮਾਣ ਰਹੇ ਹਾਂ। ਸੰਸਾਰ ਵਿਚ ਰੈੱਡਕਰਾਸ ਦੀ ਸੰਸਥਾ ਜਾਂ ਲਹਿਰ ਦਾ ਜਨਮਦਾਤਾ ਹੈਨਰੀ ਡਿਊਨੈਂਟ ਸੀ ਭਾਵੇਂ, ਪਰ ਇਸ ਦਾ ਬੀਜ ਤਾਂ ਭਾਈ ਘਨੱਈਆ ਜੀ ਹੀ ਬੋ ਗਏ ਸਨ। ਭਾਵੇਂ ਇਸ ਸੇਵਾ ਦਾ ਕੋਈ ਵੀ ਨਾਂ ਰੱਖ ਲਉ।

ਅਸਾਂ ਹੁਣੇ ਪਿੱਛੇ ਜਿਹੇ ਹੀ ਵੇਖਿਆ ਹੈ। ਈਰਾਕ ਅਤੇ ਕੁਵੈਤ ਵਿਚ ਕਿੰਨਾ ਭੀਸ਼ਮ ਯੁੱਧ ਛਿੜਿਆ। ਅਮਰੀਕਾ ਅਤੇ ਉਸ ਦੇ ਸਾਥੀ ਦੇਸ਼ਾਂ ਨੇ ਈਰਾਕ ਦੇਸ਼ ਨੂੰ ਤਹਿਸ਼-ਨਹਿਸ਼ ਕਰ ਦਿੱਤਾ। ਹਜ਼ਾਰਾਂ ਜਾਨਾਂ ਗਈਆਂ ਪਰ ਇਸ ਦੌਰਾਨ ਅਤੇ ਯੁੱਧ ਤੋਂ ਬਾਅਦ ਦੀ ਰੈੱਡਕਰਾਸ ਦੀ ਸੰਸਥਾ ਨੇ ਕੀ ਈਰਾਕ ਅਤੇ ਕੀ ਕੁਵੈਤ, ਦੋਹਾਂ ਮੁਲਕਾਂ ਦੇ ਦੀਨ-ਦੁਖੀਆਂ ਦੀ ਇਕੋ ਮਾਨਵੀ ਭਾਵਨਾ ਨਾਲ ਸੇਵਾ ਕੀਤੀ। ਇਸ ਸੰਸਥਾ ਲਈ ਕੋਈ ਦੁਸ਼ਮਣ ਨਹੀਂ ਸਮਝਿਆ ਜਾਂਦਾ। ਇਹੀ ਜਵਾਬ ਸ਼ਿਕਾਇਤ ਕਰਨ ਵਾਲੇ ਸਿੱਖਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ ਸੀ ਕਿ ਇਕ ਸੱਚੇ ਇਨਸਾਨ ਲਈ, ਚਾਹੇ ਉਹ ਮੁਸਲਮਾਨ ਹੈ ਚਾਹੇ ਸਿੱਖ ਜਾਂ ਹਿੰਦੂ ਜਾਂ ਕਿਸੇ ਹੋਰ ਧਰਮ ਦਾ, ਇਹਨਾਂ ਵਿਚ ਕੋਈ ਭਿੰਨ-ਭੇਦ ਨਹੀਂ ਹੁੰਦਾ। ਉਹ ਤਾਂ ਦੁਖੀ ਨੂੰ ਕਿਸੇ ਖ਼ਾਸ ਧਰਮ ਦੇ ਮਨੁੱਖ ਹੋਣ ਕਰਕੇ ਮਦਦ ਨਹੀਂ ਦੇ ਰਿਹਾ ਹੁੰਦਾ ਸਗੋਂ ਪਰਮਾਤਮਾ ਦਾ ਰੂਪ ਸਮਝ ਕੇ ਉਸ ਦੀ ਮਲ੍ਹਮ-ਪੱਟੀ ਕਰ ਰਿਹਾ ਹੁੰਦਾ ਹੈ। ਅਜਿਹੀ ਅਵਸਥਾ ਵਾਲੇ ਗੁਰਸਿੱਖ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਫ਼ਰਮਾਨ ਹੈ।

ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ ॥
ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥੨॥੮॥

(ਗਉੜੀ ਸੁਖਮਨੀ ਮ: ੫, ਪੰਨਾ ੨੭੨)

ਸਮਦ੍ਰਿਸ਼ਟੀ ਵਾਲਾ ਇਨਸਾਨ ਹੀ ਬ੍ਰਹਮ-ਗਿਆਨੀ ਹੋਇਆ ਕਰਦਾ ਹੈ ਤੇ ਉਸੇ ਪਰਖ ਉਪਰ ਭਾਈ ਘਨੱਈਆ ਜੀ ਪੂਰੇ ਉਤਰੇ ਸਨ।

ਸੇਵਾ ਪੰਥੀ ਸੰਪਰਦਾ ਧਨਤਾ ਯੋਗ ਹੈ, ਜੋ ਗਿਆਨ ਤੇ ਸੇਵਾ ਦਾ ਚਾਨਣ ਵੰਡਦੀ ਖਿਲੇਰਦੀ ਆਪਣੇ ਆਦਰਸ਼ਕ ਮਾਰਗ ਤੇ ਅੱਗੇ ਵੱਧਦੀ ਜਾ ਰਹੀ ਹੈ। ਅਸੀਂ ਵੇਖ ਰਹੇ ਹਾਂ ਕਿ ਸਾਡੇ ਗੁਰਦੁਆਰਿਆਂ ਵਿਚ ਰਾਜਨੀਤੀ ਨੇ ਉਹ ਗੰਦ ਪਾ ਦਿੱਤਾ ਹੈ ਕਿ ਸਾਨੂੰ ਇਹਨਾਂ-ਗਿਆਨ ਮੰਦਰਾਂ ਵਿਚੋਂ ਜੀਵਨ ਜੋਤ ਦਾ ਪ੍ਰਕਾਸ਼ ਲੈਣ ਦੀ ਥਾਂ ਸੁਆਰਥ ਤੇ ਕੀਨੇ ਭਰੀਆਂ ਲੜਾਈਆਂ ਦੀ ਬੂ ਆ ਰਹੀ ਹੈ, ਜਿਸ ਕਾਰਨ ਸਿੱਖੀ ਦਾ ਬੂਟਾ-ਜਿਸ ਨੂੰ ਦਸਾਂ ਗੁਰੂ ਸਾਹਿਬਾਂ ਨੇ ਆਪਣੇ ਜੀਵਨ ਦਾਨ ਦੇ ਕੇ ਸਿੰਜਿਆ ਤੇ ਵੱਡਾ ਕੀਤਾ ਸੀ, ਅੱਜ ਦੇ ਅਖੌਤੀ ਸਿੱਖ ਨੇਤਾਵਾਂ ਦੀ 'ਕਿਰਪਾ' ਨਾਲ ਮੁਰਝਾਉਂਦਾ ਜਾ ਰਿਹਾ ਹੈ। ਇਸ ਬੂਟੇ ਨੂੰ ਸੇਵਾ-ਸਿਮਰਨ ਦਾ ਅੰਮ੍ਰਿਤਮਈ ਜਲ ਦੇ ਕੇ ਸਿੰਜਣ ਦੀ ਲੋੜ ਹੈ। ਇਸ ਬੂਟੇ ਨੂੰ ਮਜ਼ਬੂਤ ਬਣਾਉਣ ਲਈ ਭਾਈ ਘਨੱਈਆ ਜੀ ਵਰਗੇ ਮਾਲੀ ਦੀ ਜ਼ਰੂਰਤ ਹੈ।

ਭਾਈ ਘਨੱਈਆ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੁਸ਼ ਹੋ ਕੇ ਇਕ ਰੁਮਾਲਾ ਬਖ਼ਸ਼ਿਆ ਸੀ, ਜਿਸ ਨੂੰ ਹਮੇਸ਼ਾਂ ਸਤਿਕਾਰ ਵਜੋਂ ਆਪਣੇ ਸੀਸ ਤੇ ਸਜਾਈ ਰੱਖਦੇ ਸਨ। ਆਨੰਦਪੁਰ ਸਾਹਿਬ ਵਿਚ ਅਫ਼ਗਾਨੀ ਫ਼ੌਜ ਨਾਲ ਸਿੱਖ ਸੂਰਬੀਰਾਂ ਦੀ ਜਮ ਕੇ ਲੜਾਈ ਹੋਈ। ਇਕ ਅਫ਼ਗਾਨੀ ਫ਼ੌਜੀ ਅਫ਼ਸਰ ਨੂਰੀ ਸ਼ਾਹ ਵੀ ਇਸ ਲੜਾਈ ਵਿਚ ਹੋਰਨਾਂ ਫ਼ੌਜੀਆਂ ਨਾਲ ਬੁਰੀ ਤਰ੍ਹਾਂ ਘਾਇਲ ਹੋ ਗਿਆ। ਭਾਈ ਘਨੱਈਆ ਜੀ ਆਪਣੀ ਆਦਤ ਮੁਤਾਬਕ ਗੁਰੂ ਸਾਹਿਬ ਦੇ ਬਖ਼ਸ਼ੇ ਰੁਮਾਲੇ ਨੂੰ ਪਾਣੀ ਵਿਚ ਭਿਉਂ ਕੇ ਜ਼ਖ਼ਮੀਆਂ ਦੇ ਜ਼ਖ਼ਮ ਸਾਫ਼ ਕਰੀ ਜਾ ਰਹੇ ਸਨ ਅਤੇ ਨਾਲ-ਨਾਲ ਰੁਮਾਲਾ ਫਿਰ ਸਾਫ਼ ਕਰਕੇ, ਪਾਣੀ ਵਿਚ ਭਿਉਂ ਕੇ ਜ਼ਖ਼ਮੀਆਂ ਦੇ ਮੂੰਹ ਵਿਚ ਪਾਣੀ ਵੀ ਪਾਈ ਜਾਂਦੇ ਸਨ। ਨੂਰੀ ਸ਼ਾਹ ਭਾਈ ਜੀ ਦੀ ਸੇਵਾ ਤੇ ਮਿੱਠੇ ਬਚਨਾਂ ਨਾਲ ਛੇਤੀ ਹੀ ਰਾਜ਼ੀ ਹੋ ਗਿਆ। ਵਾਪਸ ਆਪਣੇ ਦੇਸ਼ ਪਰਤ ਕੇ ਨੂਰੀ ਸ਼ਾਹ ਨੇ ਭਾਈ ਘਨੱਈਆ ਜੀ ਦੀ ਸੇਵਾ ਦੀਆਂ ਗੱਲਾਂ ਦਸ-ਦਸ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਸਿੱਖਾਂ ਦੇ ਗੁਰੂ ਗੋਬਿੰਦ ਸਿੰਘ ਨੇ ਆਪਣੇ ਅਨੇਕਾਂ ਮੁਰੀਦਾਂ ਨੂੰ ਸੇਵਾ ਤੇ ਸਿਮਰਨ ਦੀ ਦਾਤ ਬਖ਼ਸ਼ ਕੇ ਦੁਨੀਆਂ ਵਿਚ ਇਕ ਇਨਕਲਾਬੀ ਧਰਮ ਨੂੰ ਅੱਗੇ ਤੋਰਿਆ ਹੈ।

ਕੀ ਅੱਜ ਅਸੀਂ, ਗੁਰੂ ਦੇ ਨਾਂ ਲੈਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਸੀਸ ਨਿਵਾਉਣ ਵਾਲੇ ਸਿੱਖ ਆਪਣੇ ਆਪ ਨੂੰ ਸੱਚੇ ਸਿੱਖ ਅਖਵਾਉਣ ਦਾ ਹੱਕ ਰਖੱਦੇ ਹਾਂ ? ਕੀ ਭਾਈ ਘਨੱਈਆ ਜੀ ਦੀ ਸੇਵਾ ਦਾ ਰੰਚਕ ਮਾਤਰ ਹਿੱਸਾ ਵੀ ਸਾਡੇ ਜੀਵਨ ਵਿਚ ਮੌਜੂਦ ਹੈ ? ਸ਼ਾਇਦ ਬਿਲਕੁਲ ਨਹੀਂ। ਫਿਰ ਅਸੀਂ ਗੁਰੂ ਸਾਹਿਬਾਂ ਦੀਆਂ ਖੁਸ਼ੀਆਂ ਕਿਵੇਂ ਪ੍ਰਾਪਤ ਕਰ ਸਕਦੇ ਹਾਂ ? ਆਉ ! ਭਾਈ ਸਾਹਿਬ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣੇ ਜੀਵਨ ਵਿਚ ਸੇਵਾ-ਭਾਵਨਾ ਪੈਦਾ ਕਰੀਏ, ਇਨਸਾਨੀ ਰਵਾਦਾਰੀ ਤੇ ਹਮਦਰਦੀ ਪੈਦਾ ਕਰਕੇ ਤਪਦੇ ਪੰਜਾਬ ਵਿਚ ਠੰਢ ਵਰਤਾਈਏ।

★★★★

# ਲਾਸਾਨੀ ਸ਼ਖ਼ਸੀਅਤ ਦੇ ਮਾਲਕ

# ਭਾਈ ਘਨੱਈਆ ਜੀ

- ਅਮਰਜੀਤ ਕੌਰ

ਸਿੱਖੀ ਕਿਸੇ ਭੇਖ ਜਾਂ ਅਸੂਲਾਂ ਦੇ ਪਲੰਦੇ ਦਾ ਨਾਂ ਨਹੀਂ ਹੈ ਸਗੋਂ ਇਹ ਤਾਂ ਇਕ ਜੀਵਨ-ਜਾਚ ਹੈ। ਜਿਸ ਜੀਵਨ-ਜਾਚ ਨੂੰ ਹਰ ਵਿਅਕਤੀ ਆਪਣੇ ਨਿੱਜੀ ਅਮਲੀ ਜੀਵਨ ਵਿਚ ਅਪਣਾ ਕੇ ਸਿੱਖ ਅਖਵਾ ਸਕਦਾ ਹੈ। ਗੁਰਬਾਣੀ ਅਨੁਸਾਰ ਸੱਚਾ ਸਿੱਖ ਬਣਨ ਵਾਸਤੇ ਗੁਰੂ ਦੇ ਦੱਸੇ ਮਾਰਗ ਉੱਤੇ ਤੁਰਨਾ ਅਤੇ ਗੁਰੂ ਦੇ ਭਾਣੇ ਨੂੰ ਮੰਨਣਾ ਪਹਿਲੀ ਸ਼ਰਤ ਹੈ :-

**ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥੧॥੬॥**

**(ਸੋਰਠਿ ਮਹਲਾ ੩, ਪੰਨਾ ੬੦੧)**

ਸਿੱਖ ਧਰਮ ਦੇ ਆਰੰਭ ਤੋਂ ਹੀ ਗੁਰੂ ਸਾਹਿਬਾਨ ਨੇ ਨਾਮ ਜਪਣ, ਕਿਰਤ ਕਰਨ, ਵੰਡ ਛਕਣ, ਆਪਸੀ ਪ੍ਰੇਮ ਪਿਆਰ ਤੇ ਸਾਰੇ ਪ੍ਰਾਣੀਆਂ ਨੂੰ ਇਕ ਪਰਮਾਤਮਾ ਦੇ ਪੁੱਤਰ ਮੰਨਣ ਦਾ ਉਪਦੇਸ਼ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਤਾਂ ਧਰਮ ਨਾਂ ਦੀ ਚੀਜ਼ ਸਮਾਜ ਵਿਚੋਂ ਖੰਭ ਲਾ ਕੇ ਉੱਡ ਚੁੱਕੀ ਸੀ। ਸਾਰੇ ਕੂੜ ਤੇ ਝੂਠ ਦਾ ਪਸਾਰਾ ਸੀ। ਉਸ ਸਮੇਂ ਦੀ ਅਤਿ ਗਿਰਾਵਟ ਵਾਲੀ ਅਤੇ ਦਰਦਨਾਕ ਧਾਰਮਿਕ ਹਾਲਤ ਦਾ ਵਰਣਨ ਭਾਈ ਗੁਰਦਾਸ ਜੀ ਇੰਜ ਕਰਦੇ ਹਨ :-

**ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ।**
**ਧਰਮ ਧਉਲੁ ਪੁਕਾਰੈ ਤਲੈ ਖੜੋਆ ॥੨੨॥ (ਵਾਰ ੧, ਪਉੜੀ ੨੨)**

ਉਸ ਸਮੇਂ ਭਾਰਤੀ ਸਮਾਜ ਵਿਚ ਬਹੁਤ ਸਾਰੇ ਧਰਮ ਪ੍ਰਚਲਿਤ ਸਨ ਅਤੇ ਹਰ ਧਰਮ ਵਿਚ ਅੱਗੇ ਕਈ ਫ਼ਿਰਕੇ ਬਣੇ ਹੋਏ ਸਨ। ਉਹਨਾਂ ਸਾਰਿਆਂ ਵਿਚ ਕੋਈ ਵੀ ਗੱਲ ਸਾਂਝੀ ਨਹੀਂ ਸੀ ਸਗੋਂ ਉਹ ਆਪਸ ਵਿਚ ਹੀ ਲੜਦੇ-ਝਗੜਦੇ ਰਹਿੰਦੇ ਸਨ। ਧਰਮ ਦੇ ਤੱਤ ਵਾਲੀ ਗੱਲ ਕੋਈ ਨਹੀਂ ਕਰਦਾ ਸੀ ਸਗੋਂ ਆਪਸ ਵਿਚ ਲੜਨਾ ਤੇ ਸਮਾਜ ਵਿਚ ਵੰਡੀਆਂ ਪਾਉਣਾ ਹੀ ਆਪਣਾ ਮੁੱਖ ਕਰਤੱਵ ਸਮਝਿਆ ਜਾਂਦਾ ਸੀ :-

**ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ।**

**(ਭਾਈ ਗੁਰਦਾਸ ਜੀ ਵਾਰ ੧, ਪਉੜੀ ੨੧)**

ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਚੜ੍ਹਿਆ ਸੋਧਣਿ ਧਰਤਿ ਲੁਕਾਈ ॥' ਦਾ ਮਿਸ਼ਨ ਆਰੰਭਣ ਤੋਂ ਪਹਿਲਾਂ ਵੇਈਂ ਨਦੀ ਉੱਤੇ ਹੋਕਾ ਦਿੱਤਾ - 'ਨਾ ਕੋ ਹਿੰਦੂ ਨਾ ਮੁਸਲਮਾਨ' ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਉਹਨਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਨੇ ਵੀ ਸਾਰੀ ਮਨੁੱਖਤਾ ਨਾਲ ਪਿਆਰ ਕਰਨ ਦਾ ਹੀ ਉਪਦੇਸ਼ ਕੀਤਾ। ਇਸ ਪ੍ਰਸੰਗ ਵਿਚ ਗੁਰਬਾਣੀ ਵਿਚ ਕਈ ਪ੍ਰਮਾਣ ਆਉਂਦੇ ਹਨ :-

**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੨॥੮॥**

**(ਕਾਨੜਾ ਮਹਲਾ ੫, ਪੰਨਾ ੧੨੯੯)**

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥੩॥੩॥

(ਧਨਾਰਸੀ ਮ: ੫, ਪੰਨਾ ੬੭੧)

ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ॥੧੫॥੭੫॥

(ਦਸਮ ਗ੍ਰੰਥ, ਪੰਨਾ ੧੯)

ਗੁਰੁ ਸਾਹਿਬਾਨ ਦੇ ਇਨ੍ਹਾਂ ਉਪਦੇਸ਼ਾਂ ਉੱਤੇ ਚੱਲਦੇ ਹੋਏ ਅਨੇਕਾਂ ਗੁਰਸਿੱਖਾਂ ਨੇ ਆਪਣੇ ਜੀਵਨ ਸਫਲੇ ਕੀਤੇ ਹਨ ਅਤੇ ਸਮੁੱਚੀ ਮਾਨਵਤਾ ਲਈ ਮਿਸਾਲਾਂ ਕਾਇਮ ਕੀਤੀਆਂ ਹਨ। ਉਹਨਾਂ ਗੁਰਮੁਖਾਂ ਦੇ ਜੀਵਨ ਤੋਂ ਸੇਧ ਲੈ ਕੇ ਮਨੁੱਖ ਜਾਤੀ ਸਮਾਜ ਵਿਚੋਂ ਈਰਖਾ, ਦਵੈਤ, ਖ਼ੁਦਗਰਜੀ, ਖ਼ੁਦਪ੍ਰਸਤੀ ਤੇ ਮਜ਼ਬੀ ਕੱਟੜਤਾ ਆਦਿ ਨੂੰ ਦੂਰ ਕਰਦੇ ਹੋਏ ਸਮਾਜ ਨੂੰ ਆਪਸੀ ਪ੍ਰੇਮ-ਪਿਆਰ ਵਾਲਾ, ਸੇਵਾ-ਭਾਵਨਾ ਵਾਲਾ ਤੇ ਚੰਗੇ ਗੁਣ ਵਾਲਾ ਬਣਾ ਸਕਦੀ ਹੈ। ਇਨ੍ਹਾਂ ਗੁਰਸਿੱਖਾਂ ਵਿਚੋਂ ਭਾਈ ਘਨੱਈਆ ਜੀ ਦਾ ਨਾਮ ਸ਼੍ਰੋਮਣੀ ਤੇ ਅਦੁਤੀ ਸਥਾਨ ਰੱਖਦਾ ਹੈ। ਭਾਈ ਘਨੱਈਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦਾ ਭੌਰਾ ਲਟਬੌਰਾ ਅਤੇ ਅਨਿੰਨ ਸੇਵਕ ਸੀ। ਉਹ ਰਹਿਤ-ਵਾਨ ਅਤੇ ਨਾਮ ਦਾ ਰਸੀਆ ਸੀ। ਨਾਮ ਦੀ ਕਲਾ ਵਰਤਣ ਕਰਕੇ ਅਕਾਲ ਪੁਰਖ ਦੀ ਜਾਗਤ-ਜੋਤਿ ਉਸ ਦੇ ਅੰਦਰ ਲਟ-ਲਟ ਬਲਦੀ ਸੀ। ਅਕਾਲੀ ਜੋਤ ਦੇ ਅੰਦਰ-ਬਾਹਰ ਹਰ ਥਾਂ, ਹਰ ਹਿਰਦੇ ਵਿਚ ਦਰਸ਼ਨ ਕਰਦਾ ਸੀ। ਇਸੇ ਕਾਰਨ ਉਹ ਬ੍ਰਹਮ-ਗਿਆਨੀ ਦੀ ਇਸ ਅਵਸਥਾ ਵਿਚ ਵਿਚਰ ਰਿਹਾ ਸੀ ਕਿ :-

ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ।

ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ॥੨॥੩॥

(ਧਨਾਸਰੀ ਮ: ੫, ਪੰਨਾ ੬੭੧)

'ਸੁਖਮਨੀ ਸਾਹਿਬ' ਵਿਚ ਸਾਧ, ਸੰਤ ਤੇ ਬ੍ਰਹਮ ਗਿਆਨੀ ਦੀ ਜੋ ਤਸਵੀਰ ਉਘੜਦੀ ਹੈ ਉਸ ਦੀ ਉੱਤਮ ਉਦਾਹਰਣ ਭਾਈ ਘਨੱਈਆ ਜੀ ਦੀ ਸ਼ਖ਼ਸੀਅਤ ਵਿਚੋਂ ਮਿਲ ਜਾਂਦੀ ਹੈ। ਭਾਈ ਘਨੱਈਆ ਜੀ ਦਾ ਜਨਮ 1648 ਈ: ਵਿਚ ਸੋਦਰਾ ਜ਼ਿਲਾ ਗੁਜਰਾਤ (ਹੁਣ ਪਾਕਿਸਤਾਨ) ਵਿਖੇ ਹੋਇਆ। ਬਹੁਪੱਖੀ ਪ੍ਰਤਿਭਾ ਦੇ ਮਾਲਕ ਭਾਈ ਘਨੱਈਆ ਜੀ ਇਕ ਵਿਲੱਖਣ ਮਹਾਂਪੁਰਖ ਸਨ। ਭਾਈ ਸਾਹਿਬ ਦੇ ਸਮੁੱਚੇ ਜੀਵਨ ਨੂੰ ਵੇਖਣ ਤੋਂ ਪਤਾ ਲੱਗਦਾ ਹੈ ਕਿ ਉਹ ਇਕ ਜਤੀ, ਸਤੀ, ਸੰਤੋਖੀ, ਸੂਰਬੀਰ, ਬ੍ਰਹਮ-ਗਿਆਨੀ, ਸਮਾਜ-ਸੇਵੀ ਆਦਿ ਅਨੇਕ ਰੂਪਾਂ ਵਿਚ ਸਾਡੇ ਸਾਹਮਣੇ ਆਉਂਦੇ ਹਨ।

ਭਾਈ ਘਨੱਈਆ ਜੀ ਨੇ ਤਪ, ਤਿਆਗ ਤੇ ਸੱਚ ਦੀ ਮੂਰਤ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਕਰਕੇ ਗੁਰਸਿੱਖੀ ਧਾਰਨ ਕੀਤੀ ਸੀ। ਉਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਚਰਨਾਂ ਵਿਚ ਰਹਿ ਕੇ ਲੰਗਰ ਲਈ ਜਲ ਆਦਿ ਦੀ ਸੇਵਾ ਕਰਿਆ ਕਰਦੇ ਸਨ। ਭਾਈ ਘਨੱਈਆ ਜੀ ਦੀ ਘਾਲ-ਕਮਾਈ ਅਤੇ ਨਾਮ ਸਿਮਰਨ ਤੋਂ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਆਦੇਸ਼ ਦਿੱਤਾ ਸੀ ਕਿ ਉਹ ਗੁਰੂ ਘਰ ਵਿਚੋਂ ਪ੍ਰਾਪਤ ਹੋਈ 'ਨਾਮ ਵਸਤੂ' ਨੂੰ ਆਮ ਲੁਕਾਈ ਵਿਚ ਵੰਡਣ। ਇਸ ਹੁਕਮ ਦੇ ਅਧੀਨ ਹੀ ਉਹਨਾਂ ਨੇ ਕ੍ਵਾ ਵਿਚ ਇਕ ਪ੍ਰਚਾਰ ਕੇਂਦਰ ਕਾਇਮ ਕੀਤਾ। ਇਸ ਸਥਾਨ ਉੱਤੇ ਪੀਣ ਵਾਲੇ ਪਾਣੀ ਦੀ ਕਾਫ਼ੀ ਘਾਟ ਸੀ। ਆਪ ਨੇ ਇਥੇ ਧਰਮਸ਼ਾਲਾ ਸਥਾਪਿਤ ਕੀਤੀ ਜਿਹੜੀ ਕਿ ਬਹੁਤ ਥੋੜ੍ਹੇ ਸਮੇਂ ਵਿਚ ਹੀ ਇਕ ਸੰਸਥਾ ਦੇ ਰੂਪ ਵਿਚ ਬਦਲ ਗਈ ਜਿੱਥੋਂ ਕਿ ਗ਼ਰੀਬ ਤੇ ਲੋੜਵੰਦਾਂ ਦੀ ਹਰ ਲੋੜ ਦੀ ਪੂਰਤੀ ਹੁੰਦੀ ਸੀ। ਸਵੇਰੇ-ਸ਼ਾਮ ਕਥਾ ਤੇ ਕੀਰਤਨ ਦਾ ਪ੍ਰਵਾਹ ਚੱਲਦਾ ਰਹਿੰਦਾ। ਇਸ ਤਰ੍ਹਾਂ

ਅਨੇਕ ਨਾਮ ਦੀਆਂ ਪਿਆਸੀਆਂ ਰੂਹਾਂ ਦੀ ਤ੍ਰਿਪਤੀ ਹੋਣ ਲੱਗ ਪਈ ਅਤੇ ਭਾਈ ਸਾਹਿਬ ਨੇ ਨਾਮ ਦੇ ਅਮੋਲਕ ਤੇ ਅਮੁੱਕ ਖ਼ਜ਼ਾਨੇ ਨੂੰ ਵੰਡ ਕੇ ਛਕਣਾ ਸ਼ੁਰੂ ਕਰ ਦਿੱਤਾ ਜਿਸ ਦਾ ਕਿ ਗੁਰਬਾਣੀ ਵਿਚ ਹੁਕਮ ਕੀਤਾ ਗਿਆ ਹੈ :

ਖਾਵਹਿ ਖਰਚਹਿ ਰਲਿ ਮਿਲਿ ਭਾਈ ॥
ਤੋਟਿ ਨ ਆਵੈ ਵਧਦੋ ਜਾਈ ॥੩॥੩੧॥੧੦੦॥

(ਗਉੜੀ ਗੁਆਰੇਰੀ ਮਹਲਾ ੫, ਪੰਨਾ ੧੮੬)

ਭਾਈ ਘਨੱਈਆ ਜੀ ਨੂੰ ਸਹੀ ਅਰਥਾਂ ਵਿਚ ਸੇਵਾ ਸਿਮਰਨ ਦੇ ਧਨੀ, ਪਰਉਪਕਾਰ ਦੇ ਪੁੰਜ, ਮਾਨਵ ਪ੍ਰੇਮੀ ਦੀ ਸ਼ਾਂਤੀ ਦਾ ਅਮਨਦੂਤ ਆਖਿਆ ਜਾ ਸਕਦਾ ਹੈ। ਪਰਮਾਤਮਾ ਨਾਲ ਇਕਮਿਕਤਾ ਹਾਸਲ ਕਰ ਚੁੱਕੇ ਜੀ ਨੂੰ ''ਜੋ ਦੀਸੈ ਸੋ ਤੇਰਾ ਰੂਪੁ ॥'' ਹੀ ਨਜ਼ਰ ਆਉਂਦਾ ਹੈ। ਉਹ ਸਾਰੇ ਪ੍ਰਾਣੀਆਂ ਨੂੰ ਆਪਣੇ ਭਰਾ ਸਮਝਦਾ ਹੈ। ਅਸਲ ਵਿਚ ਉਸ ਵਾਸਤੇ ਸਾਰਾ ਸੰਸਾਰ ਹੀ ਆਪਣਾ ਘਰ ਬਣ ਜਾਂਦਾ ਹੈ ਕਿਉਂਕਿ ਉਸ ਦਾ ਦ੍ਰਿੜ੍ਹ ਵਿਸ਼ਵਾਸ ਹੁੰਦਾ ਹੈ ਕਿ ਇਹ ਸੰਸਾਰ ਉਸ ਪਰਮਾਤਮਾ ਦਾ ਬਣਾਇਆ ਹੋਇਆ ਹੈ ਅਤੇ ਉਹ ਇਸ ਬ੍ਰਹਿਮੰਡ ਦੇ ਜ਼ਰੇ-ਜ਼ਰੇ ਵਿਚ ਵਿਦਮਾਨ ਹੈ :

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥੩॥੨॥

(ਆਸਾ ਦੀ ਵਾਰ, ਪੰਨਾ ੪੬੩)

ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰ ਚੁੱਕਿਆ ਜੀਵ ਪ੍ਰਭੂ-ਪ੍ਰੇਮੀ ਦੀ ਦਾਤ ਨਾਲ ਭਰਪੂਰ ਹੁੰਦਾ ਹੈ ਅਤੇ ਉਸ ਅੰਦਰ ਮਨੁੱਖਤਾ ਦਾ ਪਿਆਰ ਕੁੱਟ-ਕੁੱਟ ਕੇ ਭਰ ਜਾਂਦਾ ਹੈ। ਗੁਰਮਤਿ ਵਿਚਾਰ-ਧਾਰਾ ਦਾ ਧਾਰਨੀ ਜੀਵ ਦੂਜੇ ਧਰਮਾਂ ਦੇ ਸਾਧਕਾਂ ਵਾਂਗ ਪਰਮਾਤਮਾ ਦੀ ਪ੍ਰਾਪਤੀ ਤੋਂ ਬਾਅਦ ਅਕ੍ਰਿਆਸ਼ੀਲ ਨਹੀਂ ਹੋ ਜਾਂਦਾ ਸਗੋਂ ਉਸ ਦਾ ਜੀਵਨ ਪ੍ਰਗਤੀਸ਼ੀਲ ਤੇ ਕ੍ਰਿਆਸ਼ੀਲ ਹੁੰਦਾ ਹੈ। ਉਹ ਨਿਰਭਉ-ਨਿਰਵੈਰ ਦਾ ਸਿਮਰਨ ਕਰਦਾ ਹੋਇਆ ਨਿਰਭਉ ਤੇ ਨਿਰਵੈਰ ਹੋ ਜਾਂਦਾ ਹੈ। ਉਸ ਦੇ ਮਨ ਅੰਦਰ ਸਭ ਲਈ ਦਇਆ ਅਤੇ ਤਰਸ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਇਸ ਲਈ ਉਹ ਕਦੀ ਵੀ ਕਿਸੇ ਦਾ ਨਾ ਬੁਰਾ ਚਿਤਵਦਾ ਹੈ ਅਤੇ ਨਾ ਹੀ ਬੁਰਾ ਕਰਦਾ ਹੈ। ਬੱਸ ਉਸ ਦੇ ਅੰਦਰ ਤਾਂ ਪਰਉਪਕਾਰ ਕਰਨ ਦਾ ਹੀ ਚਾਉ ਉੱਠਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ਰਮਾਉਂਦੇ ਹਨ :-

ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥੩॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥੪॥

(ਗਉੜੀ ਸੁਖਮਨੀ ਮ: ੫, ਪੰਨਾ ੨੭੨-੭੩)

ਬ੍ਰਹਮ-ਗਿਆਨੀ ਦੇ ਮਨ ਵਿਚ ਮਨੁੱਖਤਾ ਪ੍ਰਤੀ ਬਦਲੇ ਦੀ ਭਾਵਨਾ ਦੀ ਥਾ ਖਿਮਾਂ ਤੇ ਨਿਮਰਤਾ ਹੁੰਦੀ ਹੈ ਤੇ ਖਿਮਾਂ ਦੀ ਪੂਰਣਤਾ ਉਸ ਮਾਨਵ ਦੇ ਹਿਰਦੇ ਵਿਚ ਹੁੰਦੀ ਹੈ ਜਿਸ ਹਿਰਦੇ ਵਿਚ ਪ੍ਰਭੂ ਦੀ ਜੋਤ ਜਗਮਗਾ ਉੱਠਦੀ ਹੈ। ਗੁਰਬਾਣੀ ਵਿਚ ਭਗਤ ਕਬੀਰ ਜੀ ਫ਼ਰਮਾਉਂਦੇ ਹਨ :

''ਜਹਾ ਖਿਮਾ ਤਹ ਆਪਿ ॥੧੫੫॥''

(ਸਲੋਕ ਭਗਤ ਕਬੀਰ ਜੀਉ ਕੇ, ਪੰਨਾ ੧੩੭੨)

ਅਕਾਲ ਪੁਰਖ ਨਾਲ ਇਕਮਿਕ ਹੋਇਆ ਜੀਵ ਉਸਤਤ ਨਿੰਦਾ, ਮਾਨ ਅਪਮਾਨ, ਗਮੀ ਤੇ ਖੁਸ਼ੀ ਆਦਿ ਸਾਰੀਆਂ ਅਵਸਥਾਵਾਂ ਵਿਚ ਸਮਾਨਤਾ ਭਾਵ ਸਮਦ੍ਰਿਸ਼ਟੀ ਨਾਲ ਵਿਚਰਦਾ ਹੈ। ਉਹ

ਖ਼ੁਸ਼ੀ ਵੇਲੇ ਪਾਗਲ ਨਹੀਂ ਹੁੰਦਾ ਅਤੇ ਨਾ ਹੀ ਗਮੀ ਤੇ ਔਕੜ ਸਮੇਂ ਦੁਖੀ ਹੁੰਦਾ ਹੈ। ਉਸ ਦਾ ਜੀਵਨ ਉਲਾਰ ਨਹੀਂ ਹੁੰਦਾ ਸਗੋਂ ਉਹ ਇਹਨਾਂ ਸਾਰੀਆਂ ਹਾਲਤਾਂ ਵਿਚ ਨਿਰਲੇਪ ਹੋ ਕੇ ਵਿਚਰਦਾ ਹੈ। ਉਸ ਨੂੰ ਦੁਸ਼ਮਣ ਅਤੇ ਦੋਸਤ ਵਿਚ, ਆਪਣੇ ਅਤੇ ਪਰਾਏ ਵਿਚਕਾਰ ਕੋਈ ਫ਼ਰਕ ਨਜ਼ਰ ਨਹੀਂ ਆਉਂਦਾ। ਇਹਨਾਂ ਸਦਗੁਣਾਂ ਨਾਲ ਭਰਪੂਰ ਜੀਵਨ ਹੀ ਭਾਈ ਘਨੱਈਆ ਜੀ ਨੇ ਜੀਵਿਆ। ਜਦੋਂ ਭਾਈ ਘਨੱਈਆ ਜੀ ਆਨੰਦਪੁਰ ਦੇ ਧਰਮ-ਯੁੱਧ ਵਿਚ ਸਿੰਘਾਂ ਅਤੇ ਮੁਗ਼ਲਾਂ ਨੂੰ ਜਲ ਛਕਾਉਣ ਦੀ ਸੇਵਾ ਕਰ ਰਹੇ ਸਨ ਤਾਂ ਉਨ੍ਹਾਂ ਦੇ ਨੇਤਰਾਂ ਨੂੰ ਹਰ ਫੱਟੜ ਵਿਅਕਤੀ ''ਹਰਿ ਕਾ ਰੂਪੁ'' ਨਜ਼ਰੀ ਆਇਆ। ਉਹਨਾਂ ਨੇ ਬਿਨਾਂ ਕਿਸੇ ਵਿਤਕਰੇ ਅਤੇ ਭੇਦ-ਭਾਵ ਦੇ ਲੜਾਈ ਦੇ ਸਾਰੇ ਫੱਟੜਾਂ ਨੂੰ ਪਾਣੀ ਪਿਆਇਆ। ਇਸ ਪ੍ਰਕਾਰ ਭਾਈ ਘਨੱਈਆ ਜੀ ਨੇ ਸਾਰੀ ਦੁਨੀਆ ਦੇ ਧਾਰਮਿਕ ਇਤਿਹਾਸ ਵਿਚ ਇਕ ਮਿਸਾਲ ਕਾਇਮ ਕੀਤੀ ਹੈ ਜਿਸ ਦੀ ਉਦਾਹਰਣ ਅੱਜ ਤੱਕ ਨਹੀਂ ਮਿਲ ਸਕੀ। ਦੁਨੀਆਂ ਅੱਜ ਰੈੱਡਕਰਾਸ ਦੀ ਗੱਲ ਕਰ ਰਹੀ ਹੈ ਪਰ ਭਾਈ ਘਨੱਈਆ ਜੀ ਨੇ 1704 ਈ: ਵਿਚ ਹੀ ਰੈੱਡਕਰਾਸ ਦੀ ਨੀਂਹ ਰੱਖ ਦਿਤੀ ਸੀ ਜਦੋਂ ਕਿਸੇ ਵਿਅਕਤੀ ਨੂੰ ਇਸ ਗੱਲ ਦਾ ਚਿੱਤ-ਚੇਤਾ ਵੀ ਨਹੀਂ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਸ ਬ੍ਰਹਮ-ਦ੍ਰਿਸ਼ਟੀ ਤੋਂ ਬਹੁਤ ਖ਼ੁਸ਼ ਹੋਏ ਅਤੇ ਆਪਣੇ ਕੋਲੋਂ ਇਕ ਮਲ੍ਹਮ ਦੀ ਡੱਬੀ ਦੇ ਕੇ ਜ਼ਖ਼ਮੀਆਂ ਦੀ ਮਲ੍ਹਮ-ਪੱਟੀ ਕਰਨ ਦਾ ਵੀ ਆਦੇਸ਼ ਦਿੱਤਾ। ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਸੰਨ-ਚਿੱਤ ਹੋ ਕੇ ਭਾਈ ਘਨੱਈਆ ਜੀ ਨੂੰ ਆਪਣਾ ਨਿੱਜੀ ਰੁਮਾਲ ਬਖ਼ਸ਼ ਕੇ ਆਦੇਸ਼ ਕੀਤਾ ਕਿ ਉਹ ਆਪ ਤਾਂ ਪੁੱਗ ਚੁੱਕੇ ਹਨ, ਹੁਣ ਅਣਪੁੱਗਿਆਂ ਨੂੰ ਵੀ ਸੇਵਾ ਤੇ ਸਿਮਰਨ ਦੀ ਜਾਚ ਸਿਖਾਉਣ ਤੇ ਉਨ੍ਹਾਂ ਦਾ ਉਧਾਰ ਕਰਨ। ਸੂਰਜ ਪ੍ਰਕਾਸ਼ ਗ੍ਰੰਥ ਦੇ ਕਰਤਾ ਭਾਈ ਸੰਤੋਖ ਸਿੰਘ ਇਸ ਪ੍ਰਸੰਗ ਨੂੰ ਇਸ ਤਰ੍ਹਾਂ ਪ੍ਰਗਟਾਉਂਦੇ ਹਨ :-

> ਧੰਨ ਜਨਮ ਅਪਨੋ ਇਨ ਕੀਨਾ। ਜਿਸਕੋ ਬਖਸ਼ੇ, ਹੁਇ ਦੁਖ ਹੀਨਾ ॥੪੦॥
> ਇਹ ਭੀ ਅਪਨੋ ਪੰਥ ਪ੍ਰਕਾਸ਼ੈ। ਬਹੁ ਲੋਕਨ ਕੀ ਕੁਮਤਿ ਬਿਨਾਸ਼ੈ।
> ਸੁਨਿ ਪ੍ਰਭੁ ਤੇ ਸਭਿ ਸਿੰਘ ਅਨੰਦੇ। ਦ੍ਵੈਤ ਹਤੀ ਲਹਿ ਬ੍ਰਹਮ ਅਨੰਦੇ ॥੪੧॥
> (ਗੁਰ ਪ੍ਰਤਾਪ ਸੂਰਜ ਗ੍ਰੰਥ, ਰੁੱਤ ਛੇਵੀਂ, ਅੰਸੂ ੧੯, ਪੰਨਾ ੫੭੯੨-੯੩)

ਗੁਰੂ ਸਾਹਿਬ ਤੋਂ ਇਹ ਆਦੇਸ਼ ਪ੍ਰਾਪਤ ਕਰਕੇ ਆਪ ਮੁੜ ਕੁਵੇ ਪੁੱਜ ਗਏ ਅਤੇ ਉਥੇ ਦੁਖੀਆਂ, ਨਿਆਸਰਿਆਂ ਅਤੇ ਲੋੜਵੰਦਾਂ ਦੀ ਸੇਵਾ ਵਿਚ ਜੁਟ ਪਏ। ਇਸ ਪ੍ਰਕਾਰ ਭਾਈ ਘਨੱਈਆ ਜੀ ਲੁਕਾਈ ਦੀ ਸੇਵਾ ਕਰਦੇ ਹੋਏ 1718 ਈ: ਨੂੰ 'ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥'' ਦੇ ਗੁਰਵਾਕ ਅਨੁਸਾਰ ਬ੍ਰਹਮ ਵਿਚ ਲੀਨ ਹੋ ਗਏ ਤੇ ਸੰਸਾਰ ਵਿਚ ਰਹਿੰਦੀ ਦੁਨੀਆਂ ਤੱਕ ਲਈ ਅਦੁਤੀ ਮਿਸਾਲ ਕਾਇਮ ਕਰਦੇ ਹੋਏ ਹਮੇਸ਼ਾਂ ਲਈ ਅਮਰ ਬਣ ਗਏ ਕਿਉਂਕਿ ਗੁਰਬਾਣੀ ਦਾ ਫ਼ਰਮਾਨ ਹੈ ਕਿ :-

> ਬ੍ਰਹਮ ਗਿਆਨੀ ਸਦ ਜੀਵੈ ਨਹੀਂ ਮਰਤਾ ॥੮॥੮॥
> (ਗਉੜੀ ਸੁਖਮਨੀ ਮ: ੫, ਪੰਨਾ ੨੭੩)

★★★★

# सेवा पंथ
# उदय और आदर्श

– जोगिन्द्र सिंघ 'सागर'

1704 ई. आनन्दपुर के रण क्षेत्र में धमासान की लड़ाई लड़ी जा रही है। एक ओर पहाड़ी राजाओं की सेना तथा मुगल सेना है जो आनन्दपुर पर आक्रमक हुए हैं। दूसरी ओर खालसा फौज है जो दीन और धर्म के लिए लड़ रही है। तोपों की भयंकर गर्ज, तलवारों की खड़खड़ाहट, गोलियां चलने की भीषण आवाजें, घायलों की चीख पुकार व हाहाकार और घोड़ों की भगदड़ से उठे गर्द-गुबार ने भयभीत कर देने वाला अत्यंत डरावना दृश्य बना रखा है। ऐसे भयंकर व खतरनाक माहौल में एक साबित सूरत, निर्भय व निरवैर इन्सान जिसके नूरानी चेहरे पर जलाल है, रसना पर नाम है और कंधे पर पानी की भरी मशक लटकाये बेखौफ विचर रहा है। उस परोपकारी आत्मा का मिशन प्यासों को पानी पिलाना है। जिस ओर से भी पानी की पुकार आती है वहां पानी पहुंचा देता है। वह बिना भेदभाव सब को पानी पिला रहा है, सिखों को, हिन्दुओं को और मुसलमानों को भी। उसके लिये तो सभी प्यासे एक समान हैं और 'गोबिन्द' रूप हैं।

उस महानुभाव का नाम है भाई घनैय्या ।

सूर्य अस्त हुआ। लड़ाई थम गई। सभी सेनायें अपने अपने शिविरों (कैम्पों) में चली गईं। गुरू जी के यहां रहरास साहिब का पाठ हुआ, कीर्तन व अरदास सम्पन्न हुए और जैकारे लगाये गये।

सोदर सन्धया के भोग के पश्चात कुछ सिखों ने गुरू जी (दशमेश जी) के पास शिकायत की कि भाई घनैय्या तो शत्रुओं का जासूस है, उनसे मिला हुआ है। हमने स्वयं देखा है उसे दुश्मनों को पानी पिलाते व उनसे सहानुभूति जताते। बेशक हम उस के सामने भी यह सब कहने को तैयार है। भाई घनैय्या को बुलाया गया। गुरू जी ने पूछा कि भाई घनैय्या! सिंघ शिकायत और शक कर रहे हैं कि तू मुसलमानों और पहाड़ियों को पानी पिलाता है। क्या यह सच है ? भाई घनैय्या बड़ी निम्रता से बोले महाराज! मैं किसी पहाड़िये या मुसलमान को पानी नहीं पिलाता और न ही सिखों को

पानी पिलाता हूं। मैं तो आपके उपदेशों का पालन कर रहा हूं। जब भी कोई प्यासा पानी के लिये पुकारता है तो मुझे लगता है मेरा गुरू मुझ से पानी मांग रहा है। मैं तो केवल आपको ही पानी पिलाता हूं, किसी गैर को नहीं। मुझे न कोई वैरी और न ही बेगाना दिखाई पड़ता है, सब में आपका ही रूप दृष्टिगोचर होता है।

इतना सुन कर दशमेश जी अत्यंत प्रसन्न हुए और हंस कर भाई घनैय्या को छाती से लगा लिया। अपने पास से मरहम की एक डब्बी देते हुए बोले घनैय्या! तुम ने वास्तव में गुरू नानक के मार्ग को पहचाना है और अमल में लाये हो।

जहां प्यासों की पानी से सेवा करते हो वहां मरहम लगा कर घायलों की भी सेवा किया करो। भाई घनैय्या तेरी समदृष्टि पूर्ण निष्काम सेवा गुरू नानक के घर परवान हुई। तेरा निष्काम सेवकों का पंथ चलेगा। इस तरह गुरूजी ने स्वाभाविक ही भाई घनैय्या को 'सेवा पंथ' का वर दे दिया। यह सब कुछ सुन देख कर शिकायत करने वालों ने सिर झुका दिये क्योंकिं अब उन्हें भी गुरू नानक के मिशन का ज्ञान हो गया।

इस प्रकार **सेवा-पंथी सम्प्रदाय** का उदय हुआ। भाई घनैय्या जी तथा उनके अनुयाइयों ने गुरूघर से मिला सेवा का प्रसाद मानवता में जी भर कर बांटा। (इस प्रकार भाई घनैय्या जी ने हैनरी डयूना (1859 ई.) से 155 वर्ष पूर्व (1704 ई.) एक उच्चतम भारतीय रैडक्रास की स्थापना कर दी थी) सेवा पंथ के सूर्य का प्रथम प्रकाश कहवा (लाहौर और पेशावर के बीच) में हुआ जहां भाई घनैय्या ने एक धर्मशाला की स्थापना की। जिसमें जरूरत मन्दों की अन्न पानी, रैण बसेरा, नाम सिमरण तथा दवा दारू से बिना किसी भेदभाव के सेवा की जाने लगी। इस तरह देखते ही देखते थोड़े समय में सेवा पंथियों के अनेकों केन्द्र स्थापित हो गये। जो न्ष्किाम सेवा के साथ-साथ गुरू नानक के मिशन के प्रचार व प्रसार के केन्द्र भी बने।

सेवा पंथी स्थानों को टिकाणा कहा जाने लगा। जहां हर धर्म व जाति के अमीर-गरीब सब को समान सेवा भाव, सत्कार मिलने लगा तथा मानव मन को टिका+आणा प्रारम्भ हुआ। सभी टिकाणों में उच्च आचरण वाले साधु महात्माओं व महापुरूषों का निवास होने लगा। जहां हर समय हिन्दु व मुसलमानों की भीड़ लगी रहती। अपनापन इतना कि सब धर्मो के लोग इन

टिकाणों को अपना घर समझने लगे।

"ना को बैरी नहीं बेगाना सगल संग हमको बन आई"

इन स्थानों में टिकाणा भाई जगता नूरपुर (शाहपुर) ऐसा जगमगाया कि सेवा के जगत में एक अनुपम प्रकाश केन्द्र प्रसिद्ध हुआ।

1947 ई. में समय ने करवट बदली। देश आजाद हुआ पर इसके दो टुकड़े कर दिये गये, 'हिन्दुस्तान' और 'पाकिस्तान'। आबादी का परिवर्तन हुआ। इस प्रकार 'सभे सांझीवाल सदाइन' के प्रचार केन्द्र (टिकाणे) भी स्थान परिवर्तन की लपेट में आ गये। तब से ये सभी टिकाणे भारत में आबाद हुए। अब पंजाब, हरियाणा, दिल्ली, हिमाचल प्रदेश व उत्तर प्रदेश में लगभग चालीस सेवा पंथी केन्द्र स्थापित हैं, जो सेवा-सिमरण, परोपकार, समदृष्टि, शिक्षा, समाज भलाई स्वस्थय, समानता, सादगी, सहनशीलता, सगंत-पंगत, परस्पर सहयोग, नशा परित्याग तथा धर्म परायाण सदाचारी मानववाद का प्रचार व प्रसार कर रहे हैं। इन केन्द्रों के साथ स्कूल, हस्पताल, कालिज, हस्तकला स्कूल, धार्मिक विद्या, संगीत स्कूल, लायब्रेरियां, विचित्र शालायें तथा मानव सेवा की अनेकों उपलब्धियों के साधन जुड़े हुए हैं।

भाई घनैय्या जी द्वारा प्रचलित सेवा पंथ अब मानव सेवा वादियों का एक ऐसा जगत प्रसिद्ध संगठन बन गया है कि किसी भी देश, धर्म, जाति का स्त्री पुरूष जिसमें मानवता की निष्काम सेवा की भावना हो इस संगठन का सदस्य बन सकता है तथा मानव सेवा द्वारा अपना जीवन सफल बना सकता है। इस समय सेवा पंथी केन्द्रों का धार्मिक, सामाजिक, राजनैतिक और समाज भलाई के स्तर पर एक महत्वपूर्ण स्थान है। इस समय 'सेवा पंथी' अड्डण शाही सभा (रजि.) भी गठित है। गोनियाना भाई जगता जी के महंत बाबा तीर्थ सिंह जी प्रधान व पथ प्रदर्शक है, इस अन्तरराष्ट्रीय प्रसिद्धि वाली सभा के।

## आदर्श

सेवा ही सेवा पंथी का धर्म है, कर्म है, जप है, तप है व पूजा है। सेवा ही इसकी अराधना है, उपासना है, साधना और समाधि है। बिना किसी देश, धर्म, जाति, रंग, नसल, ऊंच-नीच, अमीर गरीब के भेदभाव सब मानव मात्र, पशु पंछी तथा जीव जन्तुओं की निष्काम सेवा ही सेवा पंथी का जीवन लक्ष्य है, जिन्दगी का उद्देश्य है और आदर्श है।

★ ★ ★ ★

# ਭਾਈ ਘਨੱਈਆ ਸਾਹਿਬ ਤੋਂ ਪ੍ਰਚਲਿਤ 'ਸੇਵਾ ਪੰਥੀ ਸੰਪਰਦਾਇ' ਨਾਲ ਸੰਬੰਧਿਤ ਪਾਵਨ ਸੇਵਾ ਅਸਥਾਨਾਂ (ਟਿਕਾਣਿਆਂ/ਡੇਰਿਆਂ) ਤੇ ਉਨ੍ਹਾਂ ਦੇ ਮੁੱਖ ਸੇਵਾਦਾਰਾਂ ਦੀ ਸੂਚੀ

| ਲੜੀ ਨੰ: | ਮੁਖੀ ਸੇਵਾਦਾਰ ਸੰਤ-ਮਹੰਤ ਤੇ ਪਾਵਨ ਅਸਥਾਨ | ਕੋਡ ਨੰ: | ਫੋਨ ਨੰ: |
|---|---|---|---|
| 1. | ਸ੍ਰੀਮਾਨ ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' ਟਿਕਾਣਾ ਭਾਈ ਜਗਤਾ ਜੀ ਸਾਹਿਬ, (ਨੂਰਪੁਰ ਥਲ) ਗੋਨਿਆਣਾ ਮੰਡੀ, ਬਠਿੰਡਾ -151201 | 0164 | (R) 262012,(O) 262051 Fax.: 262657 98140-32957 |
| 2. | ਸ੍ਰੀਮਾਨ ਮਹੰਤ ਮੱਖਣ ਸਿੰਘ ਜੀ 'ਸੇਵਾ ਪੰਥੀ' ਡੇਰਾ ਬ੍ਰਹਮ-ਗਿਆਨੀ ਸੰਤ ਅਮੀਰ ਸਿੰਘ ਜੀ, ਗਲੀ ਸੱਤੋਵਾਲੀ, ਕਟੜਾ ਕਰਮ ਸਿੰਘ , ਅੰਮ੍ਰਿਤਸਰ-143001 | 0183 | 547989 553565 |
| 3. | ਸ੍ਰੀਮਾਨ ਮਹੰਤ ਸੁਰਜੀਤ ਸਿੰਘ ਜੀ 'ਸੇਵਾ ਪੰਥੀ' ਸੇਵਾ ਪੰਥੀ ਆਸ਼ਰਮ, ਦਿਲਬਾਗ ਨਗਰ, (ਸ਼ਹੀਦ ਊਧਮ ਸਿੰਘ ਨਗਰ) ਚਾਟੀਵਿੰਡ ਗੇਟ, ਅੰਮ੍ਰਿਤਸਰ-143001 | 0183 | 548774 |
| 4. | ਸ੍ਰੀਮਾਨ ਸੰਤ ਸੁਰਿੰਦਰ ਸਿੰਘ ਜੀ 'ਸੇਵਾ ਪੰਥੀ' ਡੇਰਾ ਮਿੱਠਾ ਟਿਵਾਣਾ, ਚੌਂਕ ਬਾਬਾ ਸਾਹਿਬ, ਅੰਮ੍ਰਿਤਸਰ-143001 | 0183 | 540357 |
| 5. | ਸ੍ਰੀਮਾਨ ਮਹੰਤ ਬਲਬੀਰ ਸਿੰਘ ਜੀ 'ਸੇਵਾ ਪੰਥੀ' ਡੇਰਾ ਮਹੰਤ ਭੋਲਾ ਸਿੰਘ ਜੀ, ਕਟੜਾ ਕਰਮ ਸਿੰਘ ਕੰਬੋਆਂ ਵਾਲੀ ਗਲੀ, ਅੰਮ੍ਰਿਤਸਰ-143001 | 0183 | 520563 |
| 6. | ਡੇਰਾ ਮਹੰਤ ਹਰਦਿੱਤ ਸਿੰਘ ਜੀ, ਕਟੜਾ ਮੋਹਰ ਸਿੰਘ, ਅੰਮ੍ਰਿਤਸਰ-143001 | | |
| 7. | ਸ੍ਰੀਮਾਨ ਮਹੰਤ ਪ੍ਰਿਤਪਾਲ ਸਿੰਘ ਜੀ 'ਸੇਵਾ ਪੰਥੀ' ਡੇਰਾ ਹਰੀ ਭਗਤਪੁਰਾ, ਮਿੱਠਾ ਟਿਵਾਣਾ, ਮਾਡਲ ਟਾਊਨ, ਹੁਸ਼ਿਆਰਪੁਰ-146001 | 01882 | (O) 221547 222521 |

| ਲੜੀ ਨੰ: | ਮੁਖੀ ਸੇਵਾਦਾਰ ਸੰਤ-ਮਹੰਤ ਤੇ ਪਾਵਨ ਅਸਥਾਨ | ਕੋਡ ਨੰ: | ਫ਼ੋਨ ਨੰ: |
|---|---|---|---|
| 8. | ਸ੍ਰੀਮਾਨ ਮਹੰਤ ਦਿਲਬਾਗ ਸਿੰਘ ਜੀ 'ਸੇਵਾ ਪੰਥੀ'<br>ਡੇਰਾ ਭਾਈ ਸਹਾਈ ਸਿੰਘ ਜੀ,<br>ਪਿੰਡ ਤੇ ਡਾਕਖ਼ਾਨਾ : ਸਲੇਮਪੁਰ,<br>ਵਾਇਆ : ਪੁਰ-ਹੀਰਾ, ਹੁਸ਼ਿਆਰਪੁਰ-146001 | 01882 | 32349 |
| 9. | ਗੁਰਦੁਆਰਾ ਭਾਈ ਜਗਤਾ ਜੀ<br>ਫੇਰੂਮਾਨ ਚੌਕ,<br>ਮੁਹੱਲਾ ਹਰਨਾਮਪੁਰਾ - ਕੋਟਕਪੁਰਾ | 01635 | 26644 |
| 10. | ਸੰਤ ਫਾਗਣ ਸਿੰਘ ਜੀ<br>ਡੇਰਾ ਸਬਜ਼ੀ ਮੰਡੀ ਚਰਨਜੀਤਪੁਰਾ,<br>ਜਲੰਧਰ-144001<br>ਪ੍ਰਬੰਧਕ: ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ:)<br>ਅੰਮ੍ਰਿਤਸਰ। | | |
| 11. | ਸ੍ਰੀਮਾਨ ਮਹੰਤ ਪ੍ਰੀਤਮ ਸਿੰਘ ਜੀ 'ਸੇਵਾ ਪੰਥੀ'<br>ਟਿਕਾਣਾ ਭਾਈ ਰਾਮ ਕਿਸ਼ਨ ਜੀ,<br>ਸ਼ੇਰਾਂਵਾਲਾ ਗੇਟ, ਪਟਿਆਲਾ-147001 | 0175 | 216959<br>98140-5646 |
| 12. | ਸ੍ਰੀਮਾਨ ਸੰਤ ਦਿਲਬਾਗ ਸਿੰਘ ਜੀ 'ਸੇਵਾ ਪੰਥੀ'<br>ਸੇਵਾ ਸਥਾਨ ਭਾਈ ਘਨੱਈਆ ਜੀ,<br>ਸਾਹਮਣੇ ਰੇਲਵੇ ਸਟੇਸ਼ਨ,<br>ਸ੍ਰੀ ਆਨੰਦਪੁਰ ਸਾਹਿਬ-140018<br>ਮਲਕੀਅਤ : ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ:)<br>ਅੰਮ੍ਰਿਤਸਰ। | 01887 | 32349 |
| 13. | ਮਹੰਤ ਜਗਮੋਹਨ ਸਿੰਘ ਜੀ<br>ਡੇਰਾ ਸੰਤਪੁਰਾ ਯਮੁਨਾ ਨਗਰ<br>ਸੰਤ ਨਿਸਚਲ ਸਿੰਘ ਟ੍ਰਸਟ, ਯਮੁਨਾ ਨਗਰ<br>ਪ੍ਰਧਾਨ: ਸ੍ਰੀਮਾਨ ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' | 01732 | 27313<br>36613<br>98120-27313 |
| 14. | ਮਹੰਤ ਕਰਮਜੀਤ ਸਿੰਘ ਜੀ<br>ਡੇਰਾ ਸੰਤ ਨਿਸਚਲ ਸਿੰਘ ਜੀ<br>ਜੌੜੀਆਂ , ਯਮੁਨਾਨਗਰ (ਹਰਿਆਣਾ) | 01732 | 79713,79813<br>79913<br>98120-79799 |

| ਲੜੀ ਨੰ: | ਮੁਖੀ ਸੇਵਾਦਾਰ ਸੰਤ-ਮਹੰਤ ਤੇ ਪਾਵਨ ਅਸਥਾਨ | ਕੋਡ ਨੰ: | ਫ਼ੋਨ ਨੰ: |
|---|---|---|---|
| 15. | ਸ੍ਰੀਮਾਨ ਮਹੰਤ ਹਰਬੰਸ ਸਿੰਘ ਜੀ, ਸੰਤ ਅੰਮ੍ਰਿਤਪਾਲ ਸਿੰਘ ਜੀ 'ਸੇਵਾ ਪੰਥੀ' ਟਿਕਾਣਾ ਭਾਈ ਆਇਆ ਰਾਮ ਜੀ, 27/41, ਪੰਜਾਬੀ ਬਾਗ, ਦਿੱਲੀ-26 | 011 | 5192590<br>5930679 |
| 16. | ਸ੍ਰੀਮਾਨ ਮਹੰਤ ਹਰੀਸ਼ ਸ਼ਾਸਤਰੀ ਜੀ 'ਸੇਵਾ ਪੰਥੀ' ਸੇਵਾ ਪੰਥੀ ਆਸ਼ਰਮ, ਸੰਤਪੁਰਾ, ਸ਼ਾਸਤਰੀ ਮਾਰਕੀਟ, ਕੈਥਲ, ਹਰਿਆਣਾ:-136027 | 01746 | 23890 |
| 17. | ਸ੍ਰੀਮਾਨ ਮਹੰਤ ਪਰਮਜੀਤ ਸਿੰਘ ਜੀ 'ਸੇਵਾ ਪੰਥੀ' ਟਿਕਾਣਾ ਭਾਈ ਮੂਲਾ ਸਾਹਿਬ ਜੀ, ਭਿਵਾਨੀ ਰੋਡ, ਰੋਹਤਕ-124001 | 01262 | 37666,37773<br>37555<br>98120-43013 |
| 18. | ਸ੍ਰੀਮਾਨ ਮਹੰਤ ਸੁਰਜੀਤ ਸਿੰਘ ਜੀ 'ਸੇਵਾ ਪੰਥੀ' ਸੇਵਾ ਪੰਥੀ ਆਸ਼ਰਮ, ਆਰ-ਐਲ 275, ਮਾਡਲ ਟਾਊਨ, ਰਿਵਾੜੀ, ਹਰਿਆਣਾ-123401 | 01274 | 22712<br>53652 |
| 19. | ਸ੍ਰੀਮਾਨ ਮਹੰਤ ਹਰਨਾਮ ਸਿੰਘ ਜੀ 'ਸੇਵਾ ਪੰਥੀ' ਟਿਕਾਣਾ ਭਾਈ ਭੱਲਾ ਰਾਮ ਜੀ, ਕਲਾਨੌਰ, ਜ਼ਿਲ੍ਹਾ ਰੋਹਤਕ, ਹਰਿਆਣਾ-124113 | 01258 | 22550 |
| 20. | ਸ੍ਰੀਮਾਨ ਮਹੰਤ ਮਹਿੰਦਰ ਸਿੰਘ ਜੀ 'ਸੇਵਾ ਪੰਥੀ' ਗੁਰਦੁਆਰਾ ਡੇਰਾ ਮੋਹਨਪੁਰਾ, ਆਰਾਕਸ਼ਾਂ ਰੋਡ, ਪਹਾੜਗੰਜ, ਨਵੀਂ ਦਿੱਲੀ-110055 | 011 | 3522905<br>7526314<br>98110-73481 |
| 21. | ਪ੍ਰਤਾਪ ਭਵਨ, ਨਜ਼ਦੀਕ ਭੀਮ ਗੋਡਾ, ਖੜਖੜੀ ਮੁਹੱਲਾ, ਹਰਿਦੁਆਰ-249401 ਪ੍ਰਬੰਧਕ :- ਸ੍ਰੀਮਾਨ ਸੰਤ ਪਰਮਜੀਤ ਸਿੰਘ ਜੀ 'ਸੇਵਾ ਪੰਥੀ' ਅੰਮ੍ਰਿਤਸਰ-143001 | 0133 | 425050<br>424950 |
| 22. | ਸੇਵਾ ਪੰਥੀ ਆਸ਼ਰਮ, ਕ੍ਰਿਸ਼ਨਾ ਮੰਦਰ, ਰਿਸ਼ੀਕੇਸ਼ ਰੋਡ, ਭੂਪਤਵਾਲਾ, ਹਰਿਦੁਆਰ-249401 ਮਲਕੀਅਤ ਅਤੇ ਪ੍ਰਬੰਧਕ : 'ਸੇਵਾ ਪੰਥੀ' ਅੱਡਣ ਸ਼ਾਹੀ ਸਭਾ (ਰਜਿ:) ਅੰਮ੍ਰਿਤਸਰ। | | |

| ਲੜੀ ਨੰ: | ਮੁਖੀ ਸੇਵਾਦਾਰ ਸੰਤ-ਮਹੰਤ ਤੇ ਪਾਵਨ ਅਸਥਾਨ | ਕੋਡ ਨੰ: | ਫੋਨ ਨੰ: |
|---|---|---|---|
| 23. | ਡੇਰਾ ਮਹੰਤ ਤਾਰਾ ਸਿੰਘ ਜੀ 'ਸੇਵਾ ਪੰਥੀ' ਚੌਂਕ ਚਿੜਾ, ਕਟੜਾ ਕਰਮ ਸਿੰਘ, ਪ੍ਰਬੰਧਕ: ਸ਼੍ਰੀਮਾਨ ਸੰਤ ਚਮਕੌਰ ਸਿੰਘ ਜੀ 'ਸੇਵਾ ਪੰਥੀ' ਅੰਮ੍ਰਿਤਸਰ-143001 | 0183 | 520381 |
| 24. | ਡੇਰਾ ਸੰਤਪੁਰਾ ਛੋਟੀ ਬਜ਼ਰੀਆ, ਗਾਜ਼ੀਆਬਾਦ-201001 ਪ੍ਰਬੰਧਕ : ਸ਼੍ਰੀਮਾਨ ਮਹੰਤ ਬਲਵੰਤ ਸਿੰਘ ਜੀ 'ਸੇਵਾ ਪੰਥੀ' | | |
| 25 | ਡੇਰਾ ਬਾਬਾ ਸ਼ਾਮ ਸਿੰਘ ਜੀ 'ਸੇਵਾ ਪੰਥੀ' ਆਟਾ ਮੰਡੀ, ਅੰਮ੍ਰਿਤਸਰ-143001 ਪ੍ਰਬੰਧਕ : ਸ਼੍ਰੀਮਾਨ ਸੰਤ ਬਾਬਾ ਦਰਸ਼ਨ ਸਿੰਘ ਜੀ 'ਸੇਵਾ ਪੰਥੀ' | | |
| 26. | ਗੁਰਦੁਆਰਾ ਭਾਈ ਜਗਤਾ ਜੀ ਸਾਹਿਬ (ਯਾਦਗਾਰ ਭਾਈ ਮੋਤੀ ਰਾਮ ਸਿੰਘ), ਨਵੀਨ ਨਗਰ, ਦਿੱਲੀ ਰੋਡ, ਸਹਾਰਨਪੁਰ-247001 (ਯੂ.ਪੀ.) | | |
| 27. | ਧਰਮਸਾਲ ਭਾਈ ਕਿਸ਼ਨ ਦਾਸ ਜੀ ਗੋਕਲ ਗੇਟ, ਰਿਵਾੜੀ ਪ੍ਰਬੰਧਕ : ਸ਼੍ਰੀਮਾਨ ਸੰਤ ਸੁਰਜੀਤ ਸਿੰਘ ਜੀ 'ਸੇਵਾ ਪੰਥੀ' | | |
| 28. | ਸ਼੍ਰੀਮਾਨ ਮਹੰਤ ਮਦਨ ਲਾਲ ਜੀ 'ਸੇਵਾ ਪੰਥੀ' ਗੁਰਦੁਆਰਾ ਧੰਨਾ ਜੀ, ਸੁਭਾਸ਼ ਗੇਟ, ਸਦਰ ਬਜ਼ਾਰ, ਕਰਨਾਲ, ਹਰਿਆਣਾ-132001 | | |
| 29. | ਸ਼੍ਰੀਮਾਨ ਮਹੰਤ ਰਾਮ ਪ੍ਰਕਾਸ਼ ਜੀ 'ਸੇਵਾ ਪੰਥੀ' ਕਲੰਦਰੀ ਗੇਟ, ਰਾਮ ਗਲੀ, ਕਰਨਾਲ-132001 | | |
| 30. | ਸ਼੍ਰੀਮਾਨ ਸੰਤ ਸਤਿਨਾਮ ਸਿੰਘ ਜੀ 'ਸੇਵਾ ਪੰਥੀ' ਡੇਰਾ ਧਰਮਸ਼ਾਲਾ, ਮਹੰਤ ਬਾਬਾ ਜਵਾਹਰ ਸਿੰਘ ਜੀ ਮੁਹੱਲਾ ਗੁਰੂਸਰ, ਊਨਾਂ ਸਾਹਿਬ-174303 | | |
| 31. | ਗੁਰਦੁਆਰਾ ਭਾਈ ਜਗਤਾ ਜੀ ਸਾਹਿਬ ਜੀ. ਟੀ. ਰੋਡ., ਮਲੋਟ, ਜ਼ਿਲ੍ਹਾ ਮੁਕਤਸਰ ਮੁੱਖ ਸੇਵਾਦਾਰ : ਭਾਈ ਧਰਮ ਸਿੰਘ ਜੀ | 01637 | 60535 |
| 32. | ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਬਸਤੀ ਹਿੰਮਤਪੁਰਾ, ਜੈਤੋ-ਜ਼ਿਲ੍ਹਾ ਫ਼ਰੀਦਕੋਟ | 01635 | 32389 |

| ਲੜੀ ਨੰ: | ਮੁਖੀ ਸੇਵਾਦਾਰ ਸੰਤ-ਮਹੰਤ ਤੇ ਪਾਵਨ ਅਸਥਾਨ | ਕੋਡ ਨੰ: | ਫੋਨ ਨੰ: |
|---|---|---|---|
| 33. | ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਯਾਦਗਾਰ ਬਾਬਾ ਬਚਨ ਸਿੰਘ ਜੋੜਾ ਤੁੰਗਵਾਲੀ, ਬਠਿੰਡਾ-151001 | | |
| 34. | ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਬਸਤੀ ਧਰਮਪੁਰਾ, ਬੁਢਲਾਡਾ-151502 | | |
| 35. | ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ, ਨਵੀਂ ਬਸਤੀ, ਗੋਨਿਆਣਾ ਮੰਡੀ-151201 | 0164 | 262612 |
| 36. | ਗੁਰਦੁਆਰਾ ਭਾਈ ਘਨੱਈਆ ਨਗਰ, ਰੇਲਵੇ ਫਾਟਕ, ਗੋਨਿਆਣਾ ਮੰਡੀ-151201 | | |
| 37. | ਡੇਰਾ ਭਾਈ ਮਹਾਂ ਸਿੰਘ 'ਸੇਵਾ ਪੰਥੀ' ਪਿੰਡ : ਗੜ੍ਹਾ, ਜ਼ਿਲ੍ਹਾ : ਜਲੰਧਰ ਪ੍ਰਬੰਧਕ : ਸ੍ਰੀਮਾਨ ਮਹੰਤ ਸੁਰਜੀਤ ਸਿੰਘ ਜੀ 'ਸੇਵਾ ਪੰਥੀ' | 0183 | 482064 |
| 38. | ਡੇਰਾ ਮਹੰਤ ਲੱਖੂ ਰਾਮ ਜੀ, ਤਹਿਸੀਲ ਬਜ਼ਾਰ, ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ। ਮਲਕੀਅਤ : ਸੇਵਾ ਪੰਥੀ ਅੱਡਣ ਸਭਾ (ਰਜਿ:) ਅੰਮ੍ਰਿਤਸਰ। | 01852 | 22494 |
| 39. | ਆਸ਼ਰਮ ਹਰਦਰਸ਼ਨ ਦੁਆਰ, ਖੜਖੜੀ ਮੁਹੱਲਾ, ਪ੍ਰਾਈਵੇਟ ਗਲੀ, ਹਰਿਦੁਆਰ ਪ੍ਰਬੰਧਕ : ਸ੍ਰੀਮਾਨ ਮਹੰਤ ਹਰਬੰਸ ਸਿੰਘ ਜੀ 'ਸੇਵਾ ਪੰਥੀ' | 0133 | 424154 |
| 40. | ਗੁਰਦੁਆਰਾ ਸੰਤ ਨਰੈਣ ਸਿੰਘ ਜੀ 'ਸੇਵਾ ਪੰਥੀ' ਵਾਰਡ ਨੰ : 7, ਪਾਣੀਪਤ ਪ੍ਰਬੰਧਕ : ਭਾਈ ਜਸਵੰਤ ਸਿੰਘ ਜੀ | 01742 | 643436 |
| 41 | ਗੁਰਦੁਆਰਾ ਭਾਈ ਜਗਤਾ ਜੀ ਨੇੜੇ ਟਰੱਕ ਯੂਨੀਅਨ,ਬਠਿੰਡਾ ਪ੍ਰਬੰਧਕ : ਮਹੰਤ ਤੀਰਥ ਸਿੰਘ 'ਸੇਵਾ ਪੰਥੀ' | 0164 | 221141 |
| 42 | ਗੁਰਦੁਆਰਾ ਭਾਈ ਜਗਤਾ ਜੀ ਹਾਂਸੀ (ਹਰਿਆਣਾ) ਪ੍ਰਬੰਧਕ : ਮਹੰਤ ਤੀਰਥ ਸਿੰਘ 'ਸੇਵਾ ਪੰਥੀ' | | |

# ਦਫ਼ਤਰ ਵਰ-ਘਰ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਮੁੱਖ ਇੰਚਾਰਜ: ਭੁਪਿੰਦਰ ਸਿੰਘ 'ਸੇਵਾ ਪੰਥੀ'
ਦਫਤਰ ਇੰਚਾਰਜ : ਬੀਬੀ ਗੁਰਮੀਤ ਕੌਰ 'ਮੀਤ'
ਸੰਪਰਕ ਫ਼ੋਨ: **0164-262051** (ਸਵੇਰੇ **9** ਤੋਂ **4** ਵਜੇ ਤੱਕ); ਬਾਕੀ ਸਮੇਂ : **262657 Ph. & Fax.**

ਜਿਨ੍ਹਾਂ ਨੇ ਦਫ਼ਤਰ ਵਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ/ਲੜਕੀ ਦੀ ਕਾਰਡ ਸਾਈਜ਼ ਫ਼ੋਟੋ ਰਜਿਸਟਰਡ ਪੱਤਰ ਰਾਹੀਂ ਜ਼ਰੂਰ ਭੇਜਣ ਦੀ ਕਿਰਪਾ ਕਰਨ। ਜੇਕਰ ਆਪ ਜੀ ਦੇ ਲੜਕੇ / ਲੜਕੀ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ।

## ਵਰ ਦੀ ਲੋੜ

1. ਖੱਤਰੀ ਗਾਂਧੀ, MBA 26 ਸਾਲ ਕੱਦ 5'4½" Executive ਲੜਕੀ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1127)
2. ਗੁਰਸਿੱਖ ਅਰੋੜਾ M.Sc B.Ed, 29 ਸਾਲ, 5' ਲੜਕੀ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1128)
3. ਗੁਰਸਿੱਖ MA B.Ed 28 ਸਾਲ,4'10" ਲੜਕੀ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1129)
4. ਅਰੋੜਾ ਸਿੱਖ ਜੁਨੇਜਾ, M.Sc, M.B Tech. 26 ਸਾਲ, 5'2" ਲੜਕੀ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1130)
5. ਸਿੱਧੂ ਬਰਾੜ , B.A II 32 ਸਾਲ, 5'-5" ਸੀਨੀਅਰ ਸਟਾਫ ਨਰਸ ਲੜਕੀ ਲਈ ਸਰਵਿਸ ਕਰਦੇ ਵਰ ਦੀ ਲੋੜ ਹੈ। (ਬਾਕਸ ਨੰ: 1131)

## ਕੰਨਿਆਂ ਦੀ ਲੋੜ

1. ਖੁਰਾਣਾ ਮੈਟ੍ਰਿਕ , 21 ਸਾਲ, 5'6" ਦੁਕਾਨਦਾਰ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 3024)
2. ਜੱਟ ਸਿੱਧੂ , ਨੌਵੀਂ ਪਾਸ , 22 ਸਾਲ, 6' ਦੁਕਾਨਦਾਰ ਲੜਕੇ ਯੋਗ ਕੰਨਿਆਂ ਦੀ ਲੋੜ ਹੈ। ( (ਬਾਕਸ ਨੰ: 3025)
3. ਅਰੋੜਾ ਗਰੋਵਰ , 10+1, 22 ਸਾਲ, 5' 8" ਦੁਕਾਨਦਾਰ ਲੜਕੇ ਲਈ ਸਰਵਿਸ ਕਰਦੀ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 3026)
4. ਅਰੋੜਾ ਮੋਗਾ, +2, 24 ਸਾਲ, 5' 7" ਮੈਡੀਕਲ ਪ੍ਰੈਕਟੀਸ਼ਨਰ ਲੜਕੇ ਲਈ ਸਰਵਿਸ ਕਰਦੀ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 3027)

**ਪ੍ਰਿੰਟਰ ਪਬਲਿਸ਼ਰ ਤੇ ਮਾਲਕ ਸ਼੍ਰੀਮਾਨ 108 ਸੰਤ ਬਾਬਾ ਤੀਰਥ ਸਿੰਘ ਜੀ ਨੇ ਸੁਭਾਸ਼ ਮਿੱਤਲ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ' (ਰਜਿ:) ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ 1 ਸਤੰਬਰ 2002 ਨੂੰ ਜਾਰੀ ਕੀਤਾ।**

## ਭਾਈ ਘਨੱਈਏ ਦੀ ਕੁਲ ਦੇ ਨਾਦੀ ਕੁਲਭੂਸ਼ਨ

### 12ਵੇਂ ਮੁੱਖ ਪਥ-ਪ੍ਰਦਰਸ਼ਕ
### ਅਤੇ
### ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ:) ਅੰਮ੍ਰਿਤਸਰ ਦੇ
### ਵਰਤਮਾਨ ਪ੍ਰਧਾਨ



ਹਰਮਨ ਪਿਆਰੀ ਮਨੋਹਰ ਸਖ਼ਸੀਅਤ

## ਸ਼੍ਰੀਮਾਨ 108 ਮਹੰਤ ਭਾਈ ਤੀਰਥ ਸਿੰਘ ਜੀ 'ਸੇਵਾ ਪੰਥੀ'


ਟਿਕਾਣਾ ਭਾਈ ਜਗਤਾ ਜੀ ਸਾਹਿਬ (ਨੂਰਪੁਰ ਥਲ)
ਗੋਨਿਆਣਾ ਮੰਡੀ-151201 (ਬਠਿੰਡਾ, ਪੰਜਾਬ)
ਫੋਨ : 0164-262051,262012, 98140-32957

Bhai Kanhaiya Sewa Joti (Monthly) R.N.I. Regd. No. 046716/84
Regd.No.TECH/47-5(PB-0028)2002 Chd. Dt.27-11-2001

ਸਮੁੱਚੀ ਮਾਨਵਤਾ ਨੂੰ ਅਮਨ ਤੇ ਸ਼ਾਂਤੀ ਦਾ ਸੰਦੇਸ਼ ਦੇ ਰਿਹਾ
ਅਲੌਕਿਕ ਭਾਈ ਘਨੱਈਆ ਚੌਂਕ, ਬਠਿੰਡਾ (ਪੰਜਾਬ)

# STATUE OF PEACE



# BHAI KANHAIYA CHOWK

## BATHINDA (Pb.)

Title Designed & Conceived by Bhupinder Singh Sewa Panthi.
E-mail : bhupindersp@rediffmail.com